# 13

# ਮਸੀਹ ਨੂੰ ਜਵਾਬ
## (3:15-17)

3:1–14 ਵਿਚ ਪੌਲੁਸ ਨੇ ਕੁਲੁੱਸੀਆਂ ਨੂੰ ਉਤਾਹਾਂ ਦੀਆਂ ਰੂਹਾਨੀ ਚੀਜ਼ਾਂ ਵੱਲ ਵੇਖਣ ਲਈ ਦਲੇਰ ਕੀਤਾ ਕਿਉਂ ਜੋ ਉਹ ਦੁਨਿਆਵੀ ਦਿਲਚਸਪੀਆਂ ਵੱਲੋਂ ਮਸੀਹ ਦੇ ਨਾਲ ਮਰ ਗਏ ਸਨ। ਇਸ ਕਰਕੇ ਉਨ੍ਹਾਂ ਲਈ ਕੁਝ ਜਿਸਮਾਨੀ ਇੱਛਿਆਵਾਂ ਅਤੇ ਤਰੀਕਿਆਂ ਨੂੰ ਲਾਹ ਕੇ ਮਸੀਹ ਵਿਚ ਪਾਈਆ ਜਾਣ ਵਾਲੀਆਂ ਭਗਤੀ ਦੀਆਂ ਨਵੀਆਂ ਖੂਬੀਆਂ ਨੂੰ ਅਪਣਾ ਲੈਣਾ ਜ਼ਰੂਰੀ ਸੀ। ਇਨ੍ਹਾਂ ਹਦਾਇਤਾਂ ਦੇ ਬਾਅਦ ਪੌਲੁਸ ਨੇ ਉਨ੍ਹਾਂ ਨੂੰ ਰੂਹਾਨੀ ਗੀਤ ਗਾਉਂਦਿਆਂ ਇਕ ਦੂਜੇ ਨੂੰ ਦਲੇਰ ਕਰਦਿਆਂ ਅਤੇ ਸਿਖਾਉਂਦਿਆਂ ਖ਼ੁਦਾ ਦੀ ਸ਼ੁਕਰਗੁਜ਼ਾਰੀ ਕਰਨ ਲਈ ਉਤਸ਼ਾਹਿਤ ਕੀਤਾ (3:15–17)। ਇਹ ਸਭ ਕੁਝ ਯਿਸੂ ਮਸੀਹ ਦੀ ਮਰਜ਼ੀ ਦੇ ਮੁਤਾਬਿਕ ਹੋਣਾ ਜ਼ਰੂਰੀ ਹੈ।

### ਉਸ ਦੀ ਸ਼ਾਂਤੀ ਨੂੰ ਪਾਉਣਾ (3:15)

**15ਅਤੇ ਮਸੀਹ ਦੀ ਸ਼ਾਂਤੀ ਜਿਹਦੇ ਲਈ ਤੁਸੀਂ ਇੱਕੋ ਦੇਹ ਹੋ ਕੇ ਸੱਦੇ ਵੀ ਗਏ ਤੁਹਾਡਿਆਂ ਮਨਾਂ ਵਿਚ ਰਾਜ ਕਰੇ ਅਤੇ ਤੁਸੀਂ ਧੰਨਵਾਦ ਕਰਿਆ ਕਰੋ।**

**''ਮਸੀਹ ਦੀ ਸ਼ਾਂਤੀ . . . ਤੁਹਾਡਿਆਂ ਮਨਾਂ ਵਿਚ ਰਾਜ ਕਰੇ''** (3:15)

**ਸ਼ਾਂਤੀ** (*eirēnē*) ਮਨ ਦੀ ਸ਼ਾਂਤੀ, ਅੰਦਰੂਨੀ ਸ਼ਾਂਤੀ ਅਤੇ ਰੂਹ ਦੀ ਸ਼ਾਂਤੀ ਦੀ ਇਕ ਖੂਬੀ ਹੈ। ਇਸ ਨੂੰ ਸੌਂ ਰਹੇ, ਮਾਸੂਮ ਬੱਚੇ ਦੇ ਚਿਹਰੇ ਵਿਚ ਵੇਖਿਆ ਜਾਂਦਾ ਹੈ ਜਿਹੜਾ ਦੁਨੀਆ ਦੀਆਂ ਫ਼ਿਕਰਾਂ ਅਤੇ ਪਰੇਸ਼ਾਨੀਆਂ ਤੋਂ ਮੁਕਤ ਹੈ। ਅੰਦਰੂਨੀ ਸ਼ਾਂਤੀ ਮਨ ਦੀ ਉਹ ਸ਼ਾਂਤੀ ਹੈ ਜਿਹੜੀ ਮਨ ਦੇ ਅੰਦਰ ਹੁੰਦੀ ਹੈ ਅਤੇ ਜ਼ਰੂਰੀ ਨਹੀਂ ਕਿ ਇਹ ਬਾਹਰੀ ਹਾਲਾਤ ਕਰਕੇ ਹੋਵੇ।

ਯਿਸੂ ਦੀ ਸ਼ਾਂਤੀ ਨੂੰ ਪਾਉਣ ਲਈ ਮਸੀਹੀ ਲੋਕਾਂ ਦੀ ਸੰਜੀਦਾ ਕੋਸ਼ਿਸ਼ ਜ਼ਰੂਰੀ ਹੈ (ਰੋਮੀਆਂ 14:19; 2 ਤਿਮੋਥਿਉਸ 2:22; 1 ਪਤਰਸ 3:11)। ਇਹ ਉਨ੍ਹਾਂ ਨੂੰ ਮਿਲਦੀ ਹੈ ਜਿਹੜੇ ਉਸ ਨੂੰ ਆਪਣੇ ਦਿਲਾਂ ਉੱਤੇ ਰਾਜ ਕਰਨ ਦਿੰਦੇ ਅਤੇ ਆਪਣੀ ਸੋਚ ਨੂੰ ਵੱਸ ਵਿਚ ਰੱਖਦੇ ਹਨ। ਅਸੀਂ ਪੜਦਾ ਸੁੱਟ ਕੇ ਘਰ ਵਿਚ ਰੌਸ਼ਨੀ ਨੂੰ ਆਉਣ ਤੋਂ ਰੋਕ ਸਕਦੇ ਹਾਂ ਜਾਂ ਉਸ ਨੂੰ ਖੋਲ੍ਹ ਕੇ ਰੌਸ਼ਨੀ ਅੰਦਰ ਆਉਣ ਦੇ ਸਕਦੇ ਹਾਂ। ਇਸ ਤਰ੍ਹਾਂ ਅਸੀਂ ਯਿਸੂ ਦੀ ਸ਼ਾਂਤੀ ਨੂੰ ਅੰਦਰ ਆਉਣ ਦੇਣ ਨਾਲ ਆਪਣੇ ਦਿਲਾਂ ਦੇ ਦਰਵਾਜ਼ੇ ਖੋਲ੍ਹਣਾ ਚੁਣ ਸਕਦੇ ਹਾਂ। ਪੌਲੁਸ ਨੇ ਫ਼ਿਲਿੱਪੀਆਂ ਨੂੰ ਯਕੀਨ ਦੁਆਇਆ ਕਿ ਦੁਆ ਵਿਚ ਖ਼ੁਦਾ ਅੱਗੇ ਉਨ੍ਹਾਂ ਦੀਆਂ ਚਿੰਤਾਂਵਾਂ ਅਤੇ ਸ਼ੁਕਰਗੁਜ਼ਾਰੀ ਨੂੰ ਸਾਂਝਾ ਕਰਕੇ ਅਤੇ ਉਹ ਕਰਕੇ ਜੋ ਉਨ੍ਹਾਂ ਨੇ ਪੌਲੁਸ ਤੋਂ ਸਿੱਖਿਆ ਸੀ, ਉਨ੍ਹਾਂ ਨੇ ਮਸੀਹ ਦੇ ਰਾਹੀਂ ਖ਼ੁਦਾ ਦੀ ਸ਼ਾਂਤੀ ਨੂੰ ਆਪਣੇ ਦਿਲਾਂ ਅਤੇ ਮਨਾਂ ਦੀ ਰਾਖੀ ਕਰਨ ਦੇਣੀ ਸੀ (ਫ਼ਿਲਿੱਪੀਆਂ 4:6, 7, 9)।

ਯਿਸੂ ਨੇ ਇਸ ਗੱਲ ਉੱਤੇ ਅਫ਼ਸੋਸ ਕੀਤਾ ਕਿ ਯਰੂਸ਼ਲਮ ਦੇ ਲੋਕਾਂ ਨੇ ਉਨ੍ਹਾਂ ਗੱਲਾਂ ਨੂੰ ਨਹੀਂ ਜਾਣਿਆ ਜੋ ਸ਼ਾਂਤੀ ਦੁਆਉਂਦੀਆਂ ਹਨ (ਲੂਕਾ 19:42)। ਉਸ ਨੇ ਪਰੇਸ਼ਾਨੀਆਂ ਨਾਲ ਭਰੇ ਸੰਸਾਰ ਵਿਚ ਆਪਣੇ ਚੇਲਿਆਂ ਨੂੰ ਆਪਣੀ ਸ਼ਾਂਤੀ ਦੇਣ ਦਾ ਵਾਅਦਾ ਕੀਤਾ (ਯੂਹੰਨਾ 16:33), ਪਰ ਉਹ

ਸ਼ਾਂਤੀ ਨਹੀਂ ਜਿਹੜੀ ਸੰਸਾਰ ਦਿੰਦਾ ਹੈ (ਯੂਹੰਨਾ 14:27)। ਕਈ ਵਾਰ ਹੋ ਸਕਦਾ ਹੈ ਕਿ ਸੰਸਾਰ ਦੁਨਿਆਵੀ ਸ਼ਾਂਤੀ ਦੇ ਦਵੇ ਪਰ ਉਹ ਸ਼ਾਂਤੀ ਨਹੀਂ ਮਿਲ ਸਕਦੀ ਜਿਹੜੀ ਯਿਸੂ ਦਿੰਦਾ ਹੈ। ਉਸ ਨੇ ਉਨ੍ਹਾਂ ਨੂੰ ਅਰਾਮ ਦੇਣ ਦਾ ਵਾਅਦਾ ਕੀਤਾ ਜਿਹੜੇ ਉਸ ਦਾ ਜੂਲਾ ਲੈ ਲੈਂਦੇ ਅਤੇ ਉਸ ਤੋਂ ਸਿੱਖਦੇ ਹਨ (ਮੱਤੀ 11:28–30)।

ਮਸੀਹ ਦੀ ਸ਼ਾਂਤੀ ਖ਼ੁਦਾ ਨਾਲ ਸ਼ਾਂਤੀ/ਸੁਲ੍ਹਾ, ਦੂਜਿਆਂ ਨਾਲ ਸ਼ਾਂਤੀ ਅਤੇ ਆਪਣੇ ਨਾਲ ਸ਼ਾਂਤੀ ਹੋ ਕੇ ਤੀਹਰੀ ਸ਼ਾਂਤੀ ਬਣ ਜਾਂਦੀ ਹੈ। ਯਿਸੂ ਨੇ ਆਪਣੇ ਚੇਲਿਆਂ ਨੂੰ ਆਪਣੀ ਜ਼ਿੰਦਗੀ, ਸਿੱਖਿਆ, ਮੌਤ ਅਤੇ ਜੀ ਉੱਠਣ ਦੇ ਰਾਹੀਂ ਖ਼ੁਦਾ ਦੀ ਸ਼ਾਂਤੀ ਹੋਣ ਦੀ ਬਰਕਤ ਦਿੱਤੀ (ਕੁਲੁੱਸੀਆਂ 1:20; ਰੋਮੀਆਂ 5:1)। ਇਹ ਉਨ੍ਹਾਂ ਨੂੰ ਮਿਲਦੀ ਹੈ ਜਿਹੜੇ ਮਸੀਹ ਵਿਚ ਹਨ (2 ਕੁਰਿੰਥੀਆਂ 5:17–21), ਭਾਵ ਜਿਹੜੇ ਬਪਤਿਸਮੇ ਦੇ ਰਾਹੀਂ ਮਸੀਹ ਵਿਚ ਆ ਗਏ ਹਨ (ਰੋਮੀਆਂ 6:3; ਗਲਾਤੀਆਂ 3:27)।

ਮਸੀਹੀ ਲੋਕਾਂ ਲਈ ਅਤੇ ਹਰ ਕਿਸੇ ਲਈ ਵੀ ਸ਼ਾਂਤੀ ਨਾਲ ਰਹਿਣਾ ਜ਼ਰੂਰੀ ਹੈ (2 ਕੁਰਿੰਥੀਆਂ 13:11; 1 ਥੱਸਲੁਨੀਕੀਆਂ 5:13; ਇਬਰਾਨੀਆਂ 12:14; ਯਾਕੂਬ 3:18)। ਯਿਸੂ ਨੇ ਸ਼ਰ੍ਹਾ ਦੀ ਰੁਕਾਵਟ ਨੂੰ ਹਟਾ ਕੇ ਇਹ ਸੰਭਵ ਬਣਾਇਆ ਹੈ (ਅਫ਼ਸੀਆਂ 2:14, 15)। ਮਸੀਹੀ ਲੋਕਾਂ ਲਈ ਮਸੀਹ ਦੀ ਇਕ ਦੇਹ ਵਿਚ ਇਕ ਦੂਜੇ ਨਾਲ ਇਕ ਹੋ ਕੇ ਰਹਿਣਾ ਜ਼ਰੂਰੀ ਹੈ (ਅਫ਼ਸੀਆਂ 2:16; 4:1–4)। ਮਸੀਹ ਦੀ ਸ਼ਾਂਤੀ ਨੂੰ ਵੰਡਣ ਲਈ ਮਸੀਹੀ ਲੋਕਾਂ ਵਿਚ ਸ਼ਾਂਤੀ ਲਿਆਉਣ ਦੀ ਜ਼ਿੰਮੇਵਾਰੀ ਹਰ ਮੈਂਬਰ ਦੀ ਹੈ। ਉਹ ਸਿਰਫ਼ ਨਿੱਜੀ ਸ਼ਾਂਤੀ ਹੀ ਨਹੀਂ ਬਲਕਿ ਵਿਸ਼ਵਾਸੀਆਂ ਦੀ ਪੂਰੀ ਦੇਹ ਨੂੰ ਵੀ ਸ਼ਾਂਤੀ ਦਿੰਦਾ ਹੈ। ਜਿੱਥੇ ਉਸ ਦੀ ਸ਼ਾਂਤੀ ਹੁੰਦੀ ਹੈ ਉੱਥੇ ਉਸ ਦੇ ਚੇਲਿਆਂ ਵਿਚ ਏਕਤਾ ਪਾਈ ਜਾਂਦੀ ਹੈ।

ਯਿਸੂ ਵੱਲੋਂ ਮਿਲਣ ਵਾਲੀ ਅੰਦਰੂਨੀ ਸ਼ਾਂਤੀ ਦੋਸ਼, ਅੰਦਰੂਨੀ ਕਲਾ, ਗੜਬੜੀ ਅਤੇ ਉਸ ਪਾਪ ਨੂੰ ਕੱਢਣ ਨਾਲ ਮਿਲਦੀ ਹੈ ਜਿਸ ਨੇ ਰੂਹ ਨੂੰ ਗੰਧਲਾ ਕਰ ਦਿੱਤਾ ਹੈ। ਪੂਰੀ ਅਤੇ ਪੱਕੀ ਸ਼ਾਂਤੀ ਯਿਸੂ ਤੋਂ ਇਹ ਸਿੱਖਣ ਨਾਲ ਮਿਲਦੀ ਹੈ ਕਿ ਖ਼ੁਦਾ ਨਾਲ, ਦੂਜਿਆਂ ਨਾਲ ਅਤੇ ਆਪਣੇ ਨਾਲ ਸ਼ਾਂਤੀ ਜਾਂ ਸੁਲ੍ਹਾ ਨਾਲ ਕਿਵੇਂ ਰਹਿਣਾ ਹੈ।

ਮਸੀਹ ਦੀ ਸ਼ਾਂਤੀ ਦਾ ਮਸੀਹੀ ਲੋਕਾਂ ਦੇ **ਮਨਾਂ ਵਿਚ ਰਾਜ** (*brabeuō*) ਕਰਨਾ ਜ਼ਰੂਰੀ ਹੈ। ਯੂਨਾਨੀ ਧਰਮ ਪੁਸਤਕ ਵਿਚ ਸਿਰਫ਼ ਇੱਥੇ ਹੀ ਇਹ ਸ਼ਬਦ ਮਿਲਦਾ ਹੈ ਭਾਵੇਂ ਮਿਸ਼ਰਿਤ ਸ਼ਬਦ ***katabrabeuetō*** (2:18 ਵਿਚ "ਅਕਾਰਥ ਫੁੱਲ ਕੇ") ਮਿਲਦਾ ਹੈ। ਨਵੇਂ ਨੇਮ ਦੀ ਵਰਤੋਂ ਦੇ ਬਾਹਰ ਇਸ ਦਾ ਅਰਥ "ਮੁੱਖ *[ਤੌਰ ਤੇ]* 'ਮੁਕਾਬਲਿਆਂ ਵਿਚ ਇਨਾਮ' ਤਾਂ ਆਮ *[ਤੌਰ ਤੇ]* ਫ਼ੈਸਲਾ ਲੈਣ, ਨਿਆਂ ਕਰਨ, ਹਕੂਮਤ ਦੇ ਰਾਹੀਂ ਕਿਸੇ ਗਤੀਵਿਧੀ ਦੇ ਵੱਸ ਵਿਚ ਹੋਣਾ" ਹੈ।[1] ਇਸ ਤੋਂ ਭਾਵ ਮਸੀਹੀ ਲੋਕਾਂ ਦੇ ਮਸੀਹ ਦੀ ਸ਼ਾਂਤੀ ਨੂੰ ਉਹ ਨਿਰਣਾਇਕ ਕਾਰਕ ਹੋਣ ਦੇਣ ਦੇ ਅਰਥ ਵਿਚ ਜਿਸ ਵਿਚ ਉਨ੍ਹਾਂ ਦੀਆਂ ਜ਼ਿੰਦਗੀਆਂ ਉੱਤੇ ਕੰਟਰੋਲ ਹੁੰਦਾ ਹੈ, "ਵਿਚੋਲਾ ਹੋਣਾ"[2] ਵੀ ਹੋ ਸਕਦਾ ਹੈ। ਝਗੜਿਆਂ ਦੇ ਹੋਣ ਤੇ ਸ਼ਾਂਤੀ ਦੀ ਇੱਛਿਆ ਨਾਲ ਝਗੜਾ ਮੁੱਕ ਜਾਣਾ ਚਾਹੀਦਾ ਹੈ। ਮਸੀਹ ਦੀ ਸ਼ਾਂਤੀ ਨੂੰ ਰਾਜ ਕਰਨ ਦੇ ਕੇ ਅਸੀਂ ਉਨ੍ਹਾਂ ਝਗੜਿਆਂ ਅਤੇ ਮੁਸ਼ਕਿਲਾਂ ਨੂੰ ਖ਼ਤਮ ਕਰ ਸਕਦੇ ਹਾਂ ਜਿਹੜੇ ਭਾਈਆਂ ਵਿਚ ਮੰਡਲੀ ਦੀ ਸ਼ਾਂਤੀ ਲਈ ਖ਼ਤਰਾ ਬਣ ਜਾਂਦੇ ਹਨ। ਹੱਲ ਨਿੱਕਲ ਸਕਦੇ ਹਨ ਜੇ ਦਿਲਾਂ ਉੱਤੇ ਮਸੀਹੀ ਲੋਕਾਂ ਨੂੰ ਸ਼ਾਂਤੀ ਨਾਲ ਰਹਿਣ ਦੀ ਇੱਛਿਆ ਅਤੇ ਕੰਟਰੋਲ ਅਤੇ ਪ੍ਰੇਰਣਾ ਹੋਵੇ।

ਪੌਲੁਸ ਦੀ ਇੱਛਿਆ ਖ਼ੁਦਾ ਦੀ ਸ਼ਾਂਤੀ ਨੂੰ ਪੂਰੀ ਕਲੀਸੀਆ ਵਿਚ ਫੈਲਾਉਣ ਦੀ ਸੀ। ਕੁਲੁੱਸੇ ਦੇ ਮਸੀਹੀ ਲੋਕਾਂ ਨੂੰ ਸਿਰਫ਼ ਅੰਦਰੂਨੀ ਸ਼ਾਂਤੀ ਅਤੇ ਖ਼ੁਦਾ ਨਾਲ ਸ਼ਾਂਤੀ ਵੀ ਪਾਉਣ ਦੀ ਲੋੜ ਨਹੀਂ ਸੀ। ਉਨ੍ਹਾਂ ਨੂੰ ਮਸੀਹ ਦੀ ਦੇਹ ਵਿਚ ਦੂਜਿਆਂ ਨਾਲ ਸ਼ਾਂਤੀ ਭਾਵ ਸੁਲ੍ਹਾ ਰੱਖਣ ਦੀ ਲੋੜ ਵੀ ਸੀ।

### "ਜਿਹਦੇ ਲਈ ਤੁਸੀਂ ਇੱਕੋ ਦੇਹ ਹੋ ਕੇ ਸੱਦੇ ਵੀ ਗਏ" (3:15)

ਕੁਲੁੱਸੇ ਦੇ ਲੋਕਾਂ ਨੂੰ ਮਸੀਹ ਦੀ **ਇੱਕੋ ਦੇਹ** ਵਿਚ ਸ਼ਾਂਤੀ ਨੂੰ ਲੱਭਣਾ ਜ਼ਰੂਰੀ ਸੀ (ਰੋਮੀਆਂ 12:5)

ਜਿਸ ਵਿਚ ਉਨ੍ਹਾਂ ਨੂੰ ਸੱਦਿਆ ਗਿਆ ਸੀ। **ਜਿਹਦੇ ਲਈ** ਵਾਕ ਅੰਸ਼ ਵਿਚ ''ਵਾਸਤੇ'' (*eis*) ਤੋਂ ਭਾਵ ''ਵਿਚ'' ਹੈ। ਪੌਲੁਸ ਦਾ ਸੰਦੇਸ਼ ਇਹ ਸੀ ਕਿ ਉਨ੍ਹਾਂ ਨੂੰ ਇੱਕੋ ਦੇਹ ''ਵਿਚ'' ਸੁਲ੍ਹਾ ਲਈ ਸੱਦਿਆ ਗਿਆ। ਯਿਸੂ ਲੋਕਾਂ ਨੂੰ ਇੱਕੋ ਦੇਹ ਵਿਚ ਸੱਦਦਾ ਹੈ ਨਾ ਕਿ ਬਹੁਤ ਸਾਰੀਆਂ ਦੇਹਾਂ ਵਿਚ; ਜਿਸ ਕਰਕੇ ਸਾਨੂੰ ਇਕ ਦੂਸਰੇ ਨਾਲ ਸ਼ਾਂਤੀ ਜਾਂ ਸੁਲ੍ਹਾ ਨਾਲ ਰਹਿਣਾ ਚਾਹੀਦਾ ਹੈ। ਯਿਸੂ ਲੋਕਾਂ ਨੂੰ ਅਸ਼ਾਂਤੀ ਜਾਂ ਝਗੜੇ ਵਿਚ ਨਹੀਂ ਸੱਦਦਾ, ਬਲਕਿ ਲੋਕਾਂ ਦੀ ਇਕ ਹੋਈ ਦੇਹ ਵਿਚ ਸੱਦਦਾ ਹੈ। ਫੁੱਟ, ਝਗੜੇ, ਲੜਾਈਆਂ, ਈਰਖਾ ਅਤੇ ਧੜੇਬਾਜ਼ੀ ਦੀ ਸੋਚ ਸ਼ਾਂਤੀ ਨੂੰ ਭੰਗ ਕਰਕੇ ''ਇੱਕੋ ਦੇਹ'' ਨੂੰ ਹਿੱਸਿਆਂ ਵਿਚ ਵੰਡ ਦਿੰਦੀ ਹੈ। ਝਗੜਾ ਅਤੇ ਫੁੱਟ ਉੱਪਰੋਂ ਨਹੀਂ ਆਉਂਦੇ ਭਾਵ ਉਹ ਯਿਸੂ ਵੱਲੋਂ ਜਾਂ ਪਿਤਾ ਵੱਲੋਂ ਨਹੀਂ ਆਉਂਦੇ ਬਲਕਿ ਸ਼ੈਤਾਨੀ ਵਸੀਲਿਆਂ ਵਿੱਚੋਂ ਨਿੱਕਲਦੇ ਹਨ (ਯਾਕੂਬ 3:14–16)। ਸ਼ਾਂਤੀ ਨੂੰ ਤਦੇ ਪਾਇਆ ਜਾ ਸਕਦਾ ਹੈ ਜੇ ਨਿਹਚਾਵਾਨਾਂ ਦੀ ਇੱਕੋ ਦੇਹ ਵਿਚ ਸੱਦੇ ਗਏ ਲੋਕ, 3:8, 9 ਵਿਚ ਦੱਸੀਆਂ ਬੁਰਿਆਈਆਂ ਨੂੰ ਕੱਢ ਕੇ 3:12–14 ਵਿਚ ਦੱਸੇ ਗੁਣਾਂ ਨੂੰ ਅਧਾਰ ਬਣਾਉਣ।

''ਇੱਕੋ ਦੇਹ'' ਵਾਲੇ ਹਵਾਲੇ ਵਿਚ ਹੋਰਨਾਂ ਆਇਤਾਂ ਵਾਂਗ ਪੌਲੁਸ ਨੇ ਕਿਤੇ ਵੀ ਯੂਨਾਨੀ ਪੜਨਾਉਂ *autou* (''ਉਸ ਦੀ'' ਦੇਹ) ਜਾਂ ਨਿਸ਼ਚਿਤ ਯੂਨਾਨੀ ਉਪਪਦ (''the'' body) ਦੀ ਵਰਤੋਂ ਨਹੀਂ ਕੀਤੀ। ਇਸ ਦੀ ਥਾਂ ਉਸ ਨੇ ਇਹ ਜ਼ੋਰ ਦੇਣਾ ਚਾਹਿਆ ਕਿ ਨਿਹਚਾਵਾਨਾਂ ਨੂੰ ਇੱਕੋ ਦੇਹ ਵਿਚ ਸੱਦਿਆ ਗਿਆ ਹੈ।

ਧਾਰਮਿਕ ਆਗੂਆਂ ਨੇ ਲੋਕਾਂ ਨੂੰ ਧੜੇਬਾਜ਼ੀਆਂ ਅਤੇ ਫੁੱਟ, ਉਲਝਣ ਅਤੇ ਝਗੜੇ ਵਿਚ ਸੱਦਿਆ ਹੈ (ਰਸੂਲਾਂ ਦੇ ਕੰਮ 20:29, 30)। ਯਿਸੂ ਅਜਿਹੇ ਝਗੜੇ ਨਹੀਂ ਚਾਹੁੰਦਾ ਹੈ ਬਲਕਿ ਉਹ ਤਾਂ ਏਕਤਾ ਅਤੇ ਇੱਕੋ ਹੋਣ ਦਾ ਚਾਹਵਾਨ (ਯੂਹੰਨਾ 17:20–23) ਹੈ। ਉਹ ਆਪਣੇ ਚੇਲਿਆਂ ਨੂੰ ਵੰਡੇ ਹੋਏ, ਜਾਤ ਪਾਤ ਵਾਲੇ ਸਮਾਜ ਵਿੱਚੋਂ ਇੱਕੋ ਦੇਹ ਵਿਚ ਸ਼ਾਂਤੀ ਵਿਚ ਸੱਦਦਾ ਹੈ। ਇਹ ਦੇਹ ਉਨ੍ਹਾਂ ਤੁਫ਼ਾਨੀ ਸੰਗਠਨਾਂ ਵਿਚ ਜਿਹੜੇ ਮਨੁੱਖੀ ਰਿਸ਼ਤਿਆਂ ਨੂੰ ਖ਼ਤਮ ਕਰ ਦਿੰਦੇ ਹਨ, ਇਕ ਓਟ ਜਾਂ ਆਸਰਾ ਹੋਣਾ ਚਾਹੀਦਾ ਹੈ।

''ਇੱਕੋ ਦੇਹ'' ਕੁਲੁੱਸੀਆਂ ਦੀ ਪੱਤਰੀ ਵਿਚ ਸਿਰਫ਼ ਇੱਥੇ ਮਿਲਦਾ ਹੈ। 1:18, 24 ਵਿਚ ਪੌਲੁਸ ਨੇ ਲਿਖਿਆ ਕਿ ਕਲੀਸੀਆ ਦੇਹ ਹੈ। ਯਿਸੂ ਨੇ ਆਪਣੀ ਕਲੀਸੀਆ ਨੂੰ (ਮੱਤੀ 16:18), ਜੋ ਕਿ ਇੱਕੋ ਕਲੀਸੀਆ (ਅਫ਼ਸੀਆਂ 4:4; ਵੇਖੋ ਕੁਲੁੱਸੀਆਂ 1:18) ਹੈ, ਸਭਨਾਂ ਨੂੰ ਆਪਣੇ ਵੱਲ ਖਿੱਚਣ ਦੇ ਮਕਸਦ ਨਾਲ ਬਣਾਇਆ (ਯੂਹੰਨਾ 12:32)। ਉਹ ਇਕ ਕਰਨ ਵਾਲੀ ਉਹ ਤਾਕਤ ਹੈ ਜਿਹੜੀ ਲੋਕਾਂ ਨੂੰ ਇਕ ਦੇਹ ਵਿਚ ਇਕ ਕਰ ਸਕਦੀ ਹੈ (ਰੋਮੀਆਂ 12:5; 1 ਕੁਰਿੰਥੀਆਂ 10:17; 12:12, 20; ਅਫ਼ਸੀਆਂ 2:16)। ਅਸੀਂ ਉਸ ਵਿਚ ਅਤੇ ਉਸ ਦੀ ਇੱਕੋ ਦੇਹ ਵਿਚ ਉਸ ਵਿਚ ਬਪਤਿਸਮਾ ਲੈਣ ਨਾਲ ਆਉਂਦੇ ਹਾਂ (ਰੋਮੀਆਂ 6:3; 12:5; 1 ਕੁਰਿੰਥੀਆਂ 12:13; ਗਲਾਤੀਆਂ 3:27)। ਇਸ ਦੇਹ ਵਿਚ ਅਸੀਂ ਇਕ ਹੋ ਜਾਂਦੇ ਹਾਂ (ਗਲਾਤੀਆਂ 3:28)। ਮਸੀਹੀ ਲੋਕਾਂ ਦੇ ਰੂਪ ਵਿਚ ਸਾਡਾ ਟੀਚਾ ਇਕ ਦੂਜੇ ਨਾਲ ਆਪਣੇ ਰਿਸ਼ਤਿਆਂ ਦੇ ਵਿਹਾਰ ਤੈਅ ਕਰਨ ਵਾਲਾ ਕਾਰਕ ਯਿਸੂ ਦੀ ਸ਼ਾਂਤੀ ਨੂੰ ਬਣਾਉਣਾ ਚਾਹੀਦਾ ਹੈ।

ਯਿਸੂ ਨੇ ''ਇੱਕੋ ਇੱਜੜ ਅਤੇ ਇੱਕੋ ਅਯਾਲੀ'' ਦੀ ਗੱਲ ਕੀਤੀ (ਯੂਹੰਨਾ 10:16) ਅਤੇ ਸਭ ਨਿਹਚਾ ਕਰਨ ਵਾਲਿਆਂ ਲਈ ਦੁਆ ਕੀਤੀ ਕਿ ਉਹ ਸਾਰੇ ''ਇਕ'' ਹੋਣ (ਯੂਹੰਨਾ 17:20, 21)। ਮੁੱਢਲੀ ਕਲੀਸੀਆ ਦੀ ਸ਼ੁਰੂਆਤ ''ਇਕ ਮਨ,'' ''ਇਕ ਮਨ ਅਤੇ ਇਕ ਜਾਨ'' ਵਾਲੇ ਨਿਹਚਾਵਾਨਾਂ ਨਾਲ ਹੋਈ ਸੀ (ਰਸੂਲਾਂ ਦੇ ਕੰਮ 2:46; 4:32)। ਆਪਣੀਆਂ ਸਭਾਵਾਂ ਵਿਚ ਉਹ ''ਸੱਭੋ ਇਕ ਮਨ'' ਹੁੰਦੇ ਸਨ (ਰਸੂਲਾਂ ਦੇ ਕੰਮ 5:12; ਵੇਖੋ ਰੋਮੀਆਂ 15:6)। ਨਿਹਚਾ ਕਰਨ ਵਾਲਿਆਂ ਵਿਚਕਾਰ ਫੁੱਟ ਤੋਂ ਬਚਣਾ ਜ਼ਰੂਰੀ ਹੈ (1 ਕੁਰਿੰਥੀਆਂ 1:10; ਰੋਮੀਆਂ 16:17)।

**ਸੱਦੇ** ਜਾਣ ਦੀ ਧਾਰਣਾ ਮਸੀਹੀ ਵਿਚਾਰ ਵਿਚ ਖ਼ਾਸ ਹੈ। ਆਇਤ 15 ਵਿਚ ਯੂਨਾਨੀ ਸ਼ਬਦ *eklēthēte* ਤੋਂ ਸੰਕੇਤ ਮਿਲਦਾ ਹੈ ਕਿ ਮਸੀਹੀ ਲੋਕਾਂ ਦੀ ਬੁਲਾਹਟ ਮੁਕੰਮਲ ਸੀ। ਉਹ ਉਨ੍ਹਾਂ ਲੋਕਾਂ

ਵਿੱਚੋਂ ਸਨ ਜਿਹੜੇ ''ਸੱਦੇ ਗਏ'' (*klētos*; ਰੋਮੀਆਂ 1:6; 8:28; 1 ਕੁਰਿੰਥੀਆਂ 1:24) ਸਨ।

ਇੰਜੀਲ ਜਾਂ ਖ਼ੁਸ਼ਖ਼ਬਰੀ ਸਾਰੇ ਸੰਸਾਰ ਨੂੰ ਸੁਣਾਈ ਜਾਣੀ ਜ਼ਰੂਰੀ ਸੀ (ਮਰਕੁਸ 16:15) ਤਾਂ ਜੋ ਹਰ ਕਿਸੇ ਨੂੰ ਸੱਦਿਆ ਜਾ ਸਕੇ (2 ਥੱਸਲੁਨੀਕੀਆਂ 2:13, 14)। ਪਰ ਸਭ ਲੋਕ ਚੁਣੇ ਹੋਏ ਨਹੀਂ ਹਨ। ਕੁਲੁੱਸੇ ਦੇ ਮਸੀਹੀ ਲੋਕਾਂ ਨੇ ਉਸ ਸੱਦੇ ਨੂੰ ਕਬੂਲ ਕਰਨ ਨੂੰ ਚੁਣਿਆ ਸੀ, ਜਿਹੜੇ ਲੋਕ ਇੰਜੀਲ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੰਦੇ ਹਨ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ, ਜਦ ਕਿ ਉਹ ਜਿਹੜੇ ਹੁਕਮ ਮੰਨਦੇ ਹਨ ਬਚਾਏ ਜਾਣਗੇ।

**''ਅਤੇ ਤੁਸੀਂ ਧੰਨਵਾਦ ਕਰਿਆ ਕਰੋ'' (3:15)**

ਇਸ ਛੋਟੇ ਜਿਹੇ ਖ਼ਤ ਵਿਚ ਪੌਲੁਸ ਨੇ ਬਾਰ-ਬਾਰ ਧੰਨਵਾਦ ਕਰਨ ਜਾਂ ਸ਼ੁਕਰਗੁਜ਼ਾਰ ਹੋਣ ਦਾ ਸੰਕੇਤ ਦਿੱਤਾ (1:3, 12; 2:7; 3:15, 16, 17; 4:2)। ਯੂਨਾਨੀ ਧਰਮ ਪੁਸਤਕ ਵਿਚ ਵਿਸ਼ੇਸ਼ਣ ਸ਼ਬਦ *eucharistoi* (''ਸ਼ੁਕਰਗੁਜ਼ਾਰ ਹੋਣਾ'') ਸਿਰਫ਼ ਇੱਥੇ ਮਿਲਦਾ ਹੈ, ਪਰ ਇਸੇ ਸ਼ਬਦ ਦਾ ਕਿਰਿਆ ਰੂਪ *eucharisteō* (''ਸ਼ੁਕਰਗੁਜ਼ਾਰੀ'') ਨਵੇਂ ਨੇਮ ਵਿਚ ਪੰਝੀ ਵਾਰ ਵਰਤਿਆ ਗਿਆ ਹੈ ਅਤੇ ਹੋਰ ਯੂਨਾਨੀ ਸਾਹਿਤ ਵਿਚ ਕਈ ਵਾਰ ਮਿਲਦਾ ਹੈ। ਇਸ ਦੀ ਵਰਤੋਂ ਸ਼ੁਕਰਗੁਜ਼ਾਰੀ ਕਰਨ ਦੀ ਹਾਲਤ ਨਾਲ ਸ਼ੁਕਰਗੁਜ਼ਾਰੀ ਕਰਨਾ ਹੈ। ਕੁਲੁੱਸੇ ਦੇ ਲੋਕਾਂ ਨੂੰ ਪੌਲੁਸ ਦੀ ਹਦਾਇਤ ਜੀਣ ਦੇ ਢੰਗ ਦੇ ਰੂਪ ਵਿਚ ਸ਼ੁਕਰਗੁਜ਼ਾਰੀ ਕਰਦੇ ਰਹਿਣ ਦੀ ਸੀ। ਜਿਹੜੇ ਲੋਕ ਦੂਜਿਆਂ ਨਾਲ ਮਿਲ ਕੇ ਰਹਿੰਦੇ ਹਨ ਉਨ੍ਹਾਂ ਕੋਲ ਸ਼ੁਕਰਗੁਜ਼ਾਰ ਹੋਣ ਦਾ ਕਾਰਣ ਹੈ। ਨਸਲੀ ਪਿਛੋਕੜ ਦੇ ਮਤਭੇਦਾਂ ਦੇ ਬਾਵਜੂਦ ਦੂਜਿਆਂ ਨਾਲ ਪਿਆਰ ਦੇ ਰਾਹੀਂ ਬੰਨ੍ਹੇ ਹੋਣ ਅਤੇ ਇਕ ਦੇਹ ਵਿਚ ਕਬੂਲੇ ਜਾਣ ਕਰਕੇ ਕੁਲੁੱਸੀਆਂ ਨੂੰ ਸ਼ੁਕਰਗਜ਼ਾਰੀ ਨਾਲ ਭਰ ਜਾਣਾ ਲਾਜ਼ਮੀ ਸੀ। ਕੁਝ ਲੋਕ ''ਸ਼ੁਕਰਗੁਜ਼ਾਰ'' ਹੋਣ ਨੂੰ ''ਇੱਕੋ ਦੇਹ ਵਿਚ ਸੱਦੇ'' ਜਾਣ ਨਾਲੋਂ ਅੱਡ ਕਰਦੇ ਹਨ, ਪਰ ਹੋਰ ਲੋਕ ਇਸ ਨੂੰ ਮਿਲਾ ਦਿੰਦੇ ਹਨ:

> ਇਸ ਸਿੱਖਿਆ ਤੋਂ ਕਿ ''ਤੁਸੀਂ ਧੰਨਵਾਦ ਕਰਿਆ ਕਰੋ'' (*kai eucharistoi ginesthe*) ਭਾਵ ਸਿਰਫ਼ ਐਨਾ ਨਹੀਂ ਹੈ ਕਿ ਲੋਕ ਸ਼ੁਕਰਗੁਜ਼ਾਰੀ ਦੀ ਹਾਲਤ ਵਿਚ ਖ਼ੁਦਾ ਅੱਗੇ ਦੁਆ ਵਿਚ ਇਸ ਨੂੰ ਬੋਲਣ। ਬਲਕਿ ਸਮਾਜ ਨੂੰ ਵਡਿਆਈ ਵਿਚ ਇਹ ਮੰਨਦਿਆਂ ਸ਼ੁਕਰਗੁਜ਼ਾਰੀ ਕਰਨੀ ਚਾਹੀਦੀ ਹੈ ਕਿ ਖ਼ੁਦਾ ਨੇ ਉਨ੍ਹਾਂ ਨੂੰ ਹਨੇਰੇ ਦੀ ਸ਼ਕਤੀ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਦੇ ਇਲਾਕੇ ਵਿਚ ਪਹੁੰਚਾ ਦਿੱਤਾ (1:12)। ਇੱਕੋ ''ਦੇਹ,'' ਭਾਵ ''ਕਲੀਸੀਆ'' ਵਿਚ ਸ਼ੁਕਰਗੁਜ਼ਾਰੀ ਕਰਨਾ ਭਜਨ ਗਾ ਕੇ ਉਸਤਤ ਕਰਨ ਵਿਚ ਨਿੱਕਲਣਾ ਚਾਹੀਦਾ ਹੈ ਜਿਸ ਵਿਚ ਮਸੀਹ ਨੂੰ ''ਅਲੱਖ ਪਰਮੇਸ਼ੁਰ ਦੇ ਸਰੂਪ'' ... ਅਤੇ ਹਰ ਚੀਜ਼ ਦੇ ਪ੍ਰਭੂ ਦੇ ਰੂਪ ਵਿਚ ਵਡਿਆਈ ਦਿੱਤੀ ਜਾਵੇ (1:15-20)।[3]

ਸੰਸਾਰ ਦੇ ਸਭ ਲੋਕਾਂ ਵਿੱਚੋਂ ਯਕੀਨਨ ਹੀ ਮਸੀਹੀ ਲੋਕਾਂ ਕੋਲ ਸ਼ੁਰਕਗੁਜ਼ਾਰ ਹੋਣ ਦੇ ਸਭ ਤੋਂ ਵੱਡੇ ਕਾਰਣ ਹਨ। ਮਸੀਹ ਦੇ ਰਾਹੀਂ ਸਾਨੂੰ ਕਈ ਜਿਸਮਾਨੀ ਬਕਰਤਾਂ ਮਿਲੀਆਂ ਹਨ, ਅਤੇ ਮਸੀਹ ਵਿਚ ਸਾਨੂੰ ''ਸਭ ਪ੍ਰਕਾਰ ਦੀਆਂ ਆਤਮਕ ਬਰਕਤਾਂ ਨਾਲ ਬਰਕਤ'' ਦਿੱਤੀ ਹੈ (ਅਫ਼ਸੀਆਂ 1:3)। ਮਸੀਹੀ ਲੋਕਾਂ ਨਾਲ, ਖ਼ੁਦਾ ਅਤੇ ਮਸੀਹ ਵੱਲੋਂ ਪਿਆਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਾਨੂੰ ਖ਼ੁਦਾ ਦੇ ਉਪਾਅ ਨਾਲ ਪੂਰੀ ਸੰਭਾਲ ਮਿਲਦੀ ਹੈ, ਵਰਤਮਾਨ ਅਤੇ ਭਵਿੱਖ ਦੀ ਆਸ ਨਾਲ ਭਰੇ ਹੋਏ ਹਾਂ ਅਤੇ ਇਸ ਮੌਜੂਦਾ ਜ਼ਿੰਦਗੀ ਅਤੇ ਆਉਣ ਵਾਲੀ ਜ਼ਿੰਦਗੀ ਦੀਆਂ ਹਕੀਕਤਾਂ ਦੀ ਸਮਝ ਸਾਨੂੰ ਦਿੱਤੀ ਗਈ ਹੈ। ਮਸੀਹ ਵਿਚ ਅਸੀਂ ਖ਼ੁਦਾ ਦੇ ਫ਼ਜ਼ਲ ਦੇ ਕਾਰਣ ਮੁਬਾਰਕ ਹਾਂ (ਅਫ਼ਸੀਆਂ 1:7; 2 ਤਿਮੋਥਿਉਸ 2:1)।

## ਗਾ ਕੇ ਉਸ ਦੀ ਬੰਦਗੀ ਕਰਨੀ (3:16)

**16 ਮਸੀਹ ਦਾ ਵਚਨ ਪੂਰੀ ਬੁੱਧ ਨਾਲ ਤੁਹਾਡੇ ਵਿਚ ਬਹੁਤਾ ਕਰਕੇ ਵੱਸੇ ਅਤੇ ਤੁਸੀਂ ਜ਼ਬੂਰਾਂ ਅਤੇ ਭਜਨਾਂ ਅਤੇ ਆਤਮਕ ਗੀਤਾਂ ਦੁਆਰਾ ਇਕ ਦੂਏ ਨੂੰ ਉਪਦੇਸ਼ ਦਿਆ ਕਰੋ ਅਤੇ ਚਿਤਾਰਿਆ ਕਰੋ ਅਤੇ ਕਿਰਪਾ ਨਾਲ ਪਰਮੇਸ਼ੁਰ ਨੂੰ ਆਪਣਿਆਂ ਮਨਾਂ ਵਿਚ ਗਾਇਆ ਕਰੋ।**

**''ਮਸੀਹ ਦਾ ਵਚਨ ... ਤੁਹਾਡੇ ਵਿਚ ਬਹੁਤਾ ਕਰਕੇ ਵੱਸੇ'' (3:16)**

ਇੱਕੋ ਦੇਹ ਵਿਚਲੇ ਲੋਕਾਂ ਨੂੰ ਪੌਲੁਸ ਨੇ ਕਿਹਾ, ''ਮਸੀਹ ਦੀ ਸ਼ਾਂਤੀ ਤੁਹਾਡਿਆਂ ਮਨਾਂ ਵਿਚ ਰਾਜ ਕਰੇ,'' ਅਤੇ **ਮਸੀਹ ਦਾ ਵਚਨ ਪੂਰੀ ਬੁੱਧ ਨਾਲ ਤੁਹਾਡੇ ਵਿਚ ਬਹੁਤਾ ਕਰਕੇ ਵੱਸੇ**। ਨਵੇਂ ਨੇਮ ਵਿਚ ''ਮਸੀਹ ਦਾ ਵਚਨ,'' ''ਵਚਨ,'' ''ਪਰਮੇਸ਼ੁਰ ਦਾ ਵਚਨ'' ਅਤੇ ''ਪ੍ਰਭੂ ਦਾ ਵਚਨ'' ਵਰਗੇ ਵਾਕ ਅੰਸ਼ ਆਮ ਤੌਰ ਤੇ ਮਿਲਦੇ ਹਨ।[4] ਯਿਸੂ ਨੇ ਕਈ ਵਾਰ ''ਮੇਰਾ ਵਚਨ'' ਕਿਹਾ,[5] ਪਰ ''ਮਸੀਹ ਦਾ ਵਚਨ'' ਸ਼ਬਦ ਸਿਰਫ਼ ਇੱਥੇ ਅਤੇ ਰੋਮੀਆਂ 10:17 ਵਿਚ ਮਿਲਦਾ ਹੈ (ਭਾਵੇਂ ਰੋਮੀਆਂ 10:17 ਵਿਚ *logos* ਦੀ ਥਾਂ ਯੂਨਾਨੀ ਭਾਸ਼ਾ ਵਿਚ ''ਵਚਨ'' ਲਈ *rhēma* ਸ਼ਬਦ ਹੈ)।

ਇਹ ਜ਼ਰੂਰੀ ਹੈ ਕਿ ''ਮਸੀਹ ਦਾ ਵਚਨ'' ਮਸੀਹੀ ਵਿਅਕਤੀ ਵਿਚ ਬਹੁਤਾ ਕਰਕੇ ''ਵੱਸੇ'' (*enoikeō*)। ''ਵੱਸੇ'' ਤੋਂ ਭਾਵ ''ਸੁਆਗਤ ਹੋਣਾ'' ਹੈ। ਨਵੇਂ ਨੇਮ ਵਿਚ ਇਸ ਸ਼ਬਦ ਦੇ ਹੋਰ ਰੂਪ ਮਿਲਦੇ ਹਨ (ਰੋਮੀਆਂ 8:11; 2 ਕੁਰਿੰਥੀਆਂ 6:16; 2 ਤਿਮੋਥਿਉਸ 1:5, 14)। ਇੱਥੇ ਇਸ ਦੇ ਖ਼ਾਸ ਰੂਪ ਦੀ ਵਰਤੋਂ ਕਰਕੇ ਪੌਲੁਸ ਇਹ ਬੇਨਤੀ ਕਰ ਰਿਹਾ ਸੀ ਕਿ ਕੁਲੁੱਸੇ ਦੇ ਲੋਕ ਮਸੀਹ ਦੇ ਵਚਨ ਵਿਚ ਲਗਾਤਾਰ ਬਣੇ ਰਹਿਣ ਅਤੇ ਇਹ ਉਨ੍ਹਾਂ ਦੀਆਂ ਜ਼ਿੰਦਗੀਆਂ ਦਾ ਪੱਕਾ ਹਿੱਸਾ ਬਣ ਜਾਵੇ।

''ਬਹੁਤਾ ਕਰਕੇ'' (*plousiōs*) ਜਿਸਦਾ ਅਨੁਵਾਦ ''ਤਰਾਤਰੀ, ਵੱਡੀ ਖੁੱਲ੍ਹ'' ਵੀ ਹੋਇਆ ਹੈ (1 ਤਿਮੋਥਿਉਸ 6:17; ਤੀਤੁਸ 3:6; 2 ਪਤਰਸ 1:11), ਤੋਂ ਭਾਵ ''ਪੂਰੀ ਤਰ੍ਹਾਂ ਨਾਲ,'' ''ਮੁਕੰਮਲ ਤੌਰ ਤੇ'' ਅਤੇ ''ਭਰਪੂਰੀ ਨਾਲ'' ਹੈ। ਮਸੀਹ ਦਾ ਵਚਨ ਇਨ੍ਹਾਂ ਭਾਈਆਂ ਵਿਚ ਬਹੁਤਾ ਕਰਕੇ ਵੱਸਣਾ ਜ਼ਰੂਰੀ ਸੀ ਭਾਵ ਉਨ੍ਹਾਂ ਦੇ ਮਨਾਂ ਵਿਚ ਇਸ ਦਾ ਘਰ ਕਰਨਾ ਜ਼ਰੂਰੀ ਸੀ। ਦੁਨਿਆਵੀ ਗੱਲਾਂ ਨਾਲ ਇਸ ਨੂੰ ਧੱਕ ਕੇ ਜਾਂ ਉਨ੍ਹਾਂ ਦੇ ਮਨਾਂ ਵਿਚ ਪਸੰਦੀਦਾ ਥਾਂ ਬਣਾਉਣ ਵਿਚ ਰੁਕਾਵਟ ਨਹੀਂ ਬਣਨੀ ਚਾਹੀਦੀ ਸੀ। ਪੌਲੁਸ ਦੇ ਕਹਿਣ ਤੋਂ ਭਾਵ ਇਹ ਵੀ ਹੋ ਸਕਦਾ ਹੈ ਕਿ ਵਚਨ ਬਹੁਤਾ ਕਰਕੇ, ਭਾਵ ਸਿਰਫ਼ ਬੇਨਤੀ ਵਿਚ ਹੀ ਨਹੀਂ ਬਲਕਿ ਗੁਣ ਵਿਚ ਵੀ ਵੱਸੇ। ਯਿਸੂ ਦੀ ਸਿੱਖਿਆ ਦੇ ਵੱਡੇ ਮੋਤੀਆਂ ਅਤੇ ਦੌਲਤ ਨੂੰ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਹੋਣਾ ਅਤੇ ਉਨ੍ਹਾਂ ਦੇ ਗਾਣਿਆਂ ਵਿਚ ਸੁਣਾਇਆ ਜਾਣਾ ਜ਼ਰੂਰੀ ਸੀ।

ਕੁਲੁੱਸੇ ਦੇ ਲੋਕਾਂ ਕੋਲ ਸੰਭਵ ਤੌਰ ਤੇ ਯਿਸੂ ਦੇ ਲਿਖਤੀ ਵਚਨ ਨਹੀਂ ਹੋਣਗੇ। ਉਨ੍ਹਾਂ ਨੂੰ ਉਨ੍ਹਾਂ ਲੋਕਾਂ ਤੇ ਨਿਰਭਰ ਰਹਿਣਾ ਜ਼ਰੂਰੀ ਸੀ ਜਿਨ੍ਹਾਂ ਨੂੰ ਆਤਮਾ ਦੇ ਰਾਹੀਂ ਉਨ੍ਹਾਂ ਉੱਤੇ ਯਿਸੂ ਦੇ ਵਚਨ ਪਰਗਟ ਕਰਨ ਦੀ ਹਦਾਇਤ ਕੀਤੀ ਗਈ ਸੀ (ਅਫ਼ਸੀਆਂ 3:3–5) ਉਨ੍ਹਾਂ ਨੇ ਯਿਸੂ ਦੀ ਸਿੱਖਿਆ ਨੂੰ ਯਾਦ ਰੱਖਣ ਦਾ ਇਕ ਢੰਗ ਇਸ ਨੂੰ ਸੰਗੀਤ ਦੀ ਸੁਰ ਵਿਚ ਪਿਰੋ ਦੇਣਾ ਸੀ। ਲੋਕ ਗਾਉਣ ਦੀਆਂ ਹਜ਼ਾਰਾਂ ਆਇਤਾਂ ਨੂੰ ਯਾਦ ਰੱਖ ਸਕਦੇ ਹਨ ਜਿਨ੍ਹਾਂ ਨੂੰ ਸੁਰਗ ਦੀ ਮਦਦ ਬਗੈਰ ਯਾਦ ਰੱਖਣਾ ਮੁਸ਼ਕਿਲ ਹੋ ਜਾਂਦਾ ਹੈ। ਗੀਤ ਦੇ ਬੋਲਾਂ ਉੱਤੇ ਧਿਆਨ ਕਰਦਿਆਂ ਗਾਉਣ ਜਾਂ ਸੁਣਨ ਵਾਲਿਆਂ ਦੇ ਮਨਾਂ ਤੇ ਮਸੀਹ ਦੇ ਵਚਨ ਦਾ ਵੱਧ ਅਸਰ ਹੋਣਾ ਸੀ ਜਿਸ ਨਾਲ ਉਨ੍ਹਾਂ ਵਿਚ ਬਹੁਤਾ ਕਰਕੇ ਵੱਸਣਾ ਸੀ। ਪੁਰਾਣੇ ਨੇਮ ਦੀ ਥਾਂ ਕੁਲੁੱਸੀਆਂ ਨੂੰ ਯਿਸੂ ਦੀ ਸਿੱਖਿਆ ਵਾਲੀਆਂ ਗੱਲਾਂ ਉੱਤੇ ਵੱਧ ਧਿਆਨ ਦੇਣਾ ਜ਼ਰੂਰੀ ਸੀ। ਮੁੱਢਲੀ ਕਲੀਸੀਆ ਰਸੂਲਾਂ ਦੀ ਸਿੱਖਿਆ ਵਿਚ (ਰਸੂਲਾਂ ਦੇ ਕੰਮ 2:42), ਭਾਵ ਉਨ੍ਹਾਂ ਗੱਲਾਂ ਵਿਚ ਜਿਹੜੀਆਂ ਯਿਸੂ ਵੱਲੋਂ ਖ਼ੁਦ ਦਿੱਤੀਆਂ ਗਈਆਂ ਸਨ ਜਾਂ ਪਵਿੱਤਰ ਆਤਮਾ ਦੀ ਮਦਦ ਨਾਲ ਦਿੱਤੀਆਂ

ਗਈਆਂ ਸਨ (ਯੂਹੰਨਾ 14:26; 16:13) ਬਣੀ ਰਹੀ।

**''ਪੂਰੀ ਬੁੱਧ ਨਾਲ ... ਇਕ ਦੂਏ ਨੂੰ ਉਪਦੇਸ਼ ਕਰਿਆ ਕਰੋ ਅਤੇ ਚਿਤਾਰਿਆ ਕਰੋ'' (3:16)**

ਜੇ ਮਸੀਹ ਦਾ ਵਚਨ ਉਨ੍ਹਾਂ ਵਿਚ ਵੱਸਦਾ ਅਤੇ ਉਨ੍ਹਾਂ ਦੇ ਗਾਣਿਆਂ ਵਿਚ ਵਿਖਾਈ ਦਿੰਦਾ ਤਾਂ ਇਹ ਸਿਖਾਉਣ ਅਤੇ ਚਿਤਾਰਣ ਲਈ ਗਿਆਨ ਦਾ ਵਸੀਲਾ ਬਣ ਜਾਣਾ ਸੀ। **ਬੁੱਧ** (*sophia*) ਮਸੀਹੀ ਲੋਕਾਂ ਲਈ ਜ਼ਰੂਰੀ ਹੈ। ਇਸ ਖ਼ਤ ਵਿਚ ਪੌਲੁਸ ਨੇ ਛੇ ਵਾਰ ''ਬੁੱਧ'' ਦਾ ਜ਼ਿਕਰ ਕੀਤਾ (1:9, 28; 2:3, 23; 3:16; 4:5)। ਕੁਰਿੰਥੀਆਂ ਦੇ ਨਾਂਅ ਆਪਣੇ ਖ਼ਤ ਵਿਚ ਉਸ ਨੇ ਅਸਲ ਬੁੱਧ ਨੂੰ ਦੁਨਿਆਵੀ ਗਿਆਨ ਨਾਲੋਂ ਫ਼ਰਕ ਦੱਸਿਆ (1 ਕੁਰਿੰਥੀਆਂ 1:17–2:13)। ਕੁਲੁੱਸੇ ਦੇ ਲੋਕਾਂ ਨੂੰ ਨਾ ਸਿਰਫ਼ ਇਹ ਜਾਣਨਾ ਜ਼ਰੂਰੀ ਸੀ ਕਿ ਵਚਨ ਕੀ ਕਹਿੰਦਾ ਹੈ ਬਲਕਿ ਕਲੀਸੀਆ ਦੀ ਬੇਹਤਰੀ ਲਈ ਇਸ ਨੂੰ ਸਮਝਦਾਰੀ ਨਾਲ ਸੰਭਾਲਣਾ ਅਤੇ ਇਸ ਦੀ ਵਰਤੋਂ ਕਰਨੀ ਵੀ ਜ਼ਰੂਰੀ ਸੀ।

ਝੂਠੀ ਸਿੱਖਿਆ ਦੇਣ ਵਾਲਿਆਂ ਦੇ ਗਿਆਨ ਦੇ ਉਲਟ ਜਿਹੜੇ ਕੁਲੁੱਸੇ ਦੇ ਲੋਕਾਂ ਨੂੰ ਪਰੇਸ਼ਾਨ ਕਰ ਰਹੇ ਸਨ, ਯਿਸੂ ਦੀ ਸਿੱਖਿਆ ਵਿਚ ਪਾਈ ਜਾਣ ਵਾਲੀ ਬੁੱਧ ਸ਼ੁੱਧ ਅਤੇ ਸਿੱਧ ਹੈ। ਇਸ ਵਿਚ ਮਿਰਚ ਮਸਾਲਾ ਲਾਉਣ ਦੀ ਲੋੜ ਨਹੀਂ ਹੈ ਕਿਉਂ ਜੋ ਉਸ ਦੇ ਵਚਨ ਸੁਣਨ ਵਾਲਿਆਂ ਦੀਆਂ ਰੂਹਾਨੀ ਲੋੜਾਂ ਦੀ ਪੂਰਤੀ ਲੋੜੀਂਦੇ ਢੰਗ ਨਾਲ ਕਰ ਦਿੰਦੇ ਹਨ। ਖ਼ੁਦਾ ਦੀ ਸਚਿਆਈ ਨੂੰ ਯਿਸੂ ਦੇ ਕਹੇ ਵਚਨਾਂ ਦੇ ਰਾਹੀਂ (ਯੂਹੰਨਾ 12:49, 50) ਅਤੇ ਲਿਖਤੀ ਵਚਨ ਦੇ ਰਾਹੀਂ (1 ਕੁਰਿੰਥੀਆਂ 14:37; 1 ਯੂਹੰਨਾ 1:1–4) ਦੱਸਿਆ ਗਿਆ ਸੀ। ਮਸੀਹ ਦੀ ਸਿੱਖਿਆ ਦੀ ਭਰਪੂਰੀ ਸਿਰਫ਼ ਉਸ ਦੇ ਵਚਨ ਦੇ ਰਾਹੀਂ ਹੀ ਜਾਣੀ ਜਾਂਦੀ ਹੈ।

''ਪੂਰੀ ਬੁੱਧ'' ਜਾਂ ਤਾਂ ''ਤੁਹਾਡੇ ਅੰਦਰ ਵੱਸ'' ਸਕਦੀ ਹੈ ਜਾਂ **ਇਕ ਦੂਏ ਨੂੰ ਉਪਦੇਸ਼ ਦਿਆ ਕਰੋ ਅਤੇ ਚਿਤਾਰਿਆ ਕਰੋ**। ਜੇ ਬਾਅਦ ਵਾਲੀ ਗੱਲ ਹੈ ਜਿਸ ਨੂੰ ਜ਼ਿਆਦਾਤਰ ਅਨੁਵਾਦਕ ਅਤੇ ਟੀਕਾਕਾਰ ਤਰਜੀਹ ਦਿੰਦੇ ਹਨ ਤਾਂ ਕੁਲੁੱਸੀਆਂ ਨੂੰ ਇਕ ਦੂਜੇ ਨੂੰ ਮਸੀਹ ਦੀ ਬੁੱਧ ਨਾਲ ਉਪੇਦਸ਼ ਦੇਣ ਅਤੇ ਚਿਤਾਰਣ ਲਈ ਕਿਹਾ ਗਿਆ ਸੀ (2:3)।

''ਉਪਦੇਸ਼ ਕਰਿਆ ਕਰੋ'' (*didaskontes*) ਤੋਂ ਭਾਵ ਹਦਾਇਤ ਦੇ ਕੇ ਸਿਖਾਉਣਾ ਹੈ। ''ਚਿਤਾਰਿਆ ਕਰੋ'' (*nouthetountes*) ਗਲਤ ਵਿਹਾਰ ਨਾਲ ਜੁੜੀ ਅਗਵਾਈ ਜਾਂ ਸਲਾਹ ਦਾ ਸੰਕੇਤ ਦਿੰਦਾ ਹੈ ਅਤੇ ਇਸ ਤਰ੍ਹਾਂ ਇਸ ਤੋਂ ਭਾਵ ਦੂਜਿਆਂ ਨੂੰ ਆਪਣੀਆਂ ਰੂਹਾਨੀ ਜ਼ਿੰਦਗੀਆਂ ਵਿਚ ਸੁਧਾਰ ਲਈ ਚਿਤਾਵਨੀ ਦੇਣਾ ਹੈ। ਮਸੀਹੀ ਲੋਕਾਂ ਲਈ ਗਾ ਕੇ ਇਕ ਦੂਜੇ ਨੂੰ ਸਮਝਾਉਣਾ ਅਤੇ ਸੁਧਾਰਨਾ ਜ਼ਰੂਰੀ ਹੈ, ਜਿਸ ਨਾਲ ਹਦਾਇਤ ਨਾਲ–ਨਾਲ ਪ੍ਰੇਰਣਾ ਵੀ ਮਿਲ ਜਾਂਦੀ ਹੈ।

ਗਾਉਣਾ ਦੋ ਦਿਸ਼ਾਵਾਂ ਨੂੰ ਜਾਣ ਵਾਲੀ ਗਤੀਵਿਧੀ ਹੈ, ਜਿਸ ਵਿਚ ਸਾਡੇ ਗਾਣਿਆਂ ਦੇ ਬੋਲ ਦੂਜਿਆਂ ਵੱਲ ਨੂੰ ਅਤੇ ਖ਼ੁਦਾ ਵੱਲ ਨੂੰ ਹੁੰਦੇ ਹਨ। ਗਾਉਣਾ ਦੂਜਿਆਂ ਨੂੰ ਸਿਖਾਉਣ ਅਤੇ ਚਿਤਾਰਨ ਲਈ ਹੋਣਾ ਚਾਹੀਦਾ ਹੈ। ਇਸ ਕਰਕੇ ਇਹ ਮਸੀਹੀ ਸਮਾਜ ਵਿਚ ਸਾਂਝਾ ਕੀਤੀ ਜਾਣ ਵਾਲੀ ਗਤੀਵਿਧੀ ਹੈ। ਇਹ ਵਿਅਕਤੀ ਅਤੇ ਖ਼ੁਦਾ ਵਿਚਕਾਰ ਕਾਰ ਗੱਲਬਾਤ ਦਾ ਜ਼ਰੀਆ ਵੀ ਹੈ। ਸੰਤੁਲਨ ਲਈ ਦੋਹਾਂ ਦਾ ਹੋਣਾ ਲਾਜ਼ਮੀ ਹੈ। ਇਸ ਇਕ ਨੂੰ ਦੂਜੇ ਨਾਲੋਂ ਬੇਹੱਦ ਅਹਿਮੀਅਤ ਦੇਣ ਨਾਲ ਗਾਉਣ ਦਾ ਮਕਸਦ ਖ਼ਰਾਬ ਹੋ ਜਾਂਦਾ ਹੈ।

''ਇਕ ਦੂਏ ਨੂੰ'' ਸਾਰਿਆਂ ਦੇ ਭਲੇ ਲਈ ਇਕ ਦੂਜੇ ਨਾਲ ਮਸੀਹ ਦੇ ਵਚਨ ਨੂੰ ਸਾਂਝਾ ਕਰਨ ਦੇ ਮਸੀਹੀ ਲੋਕਾਂ ਦੀ ਜਮਾਤ ਦੇ ਤੌਰ ਤੇ ਸਮਝਣਾ ਜ਼ਰੂਰੀ ਹੈ। ਪੀਟਰ ਟੀ. ਓ'ਬ੍ਰਾਇਨ ਲਿਖਿਆ ਹੈ,

> ਪਰ ਇੱਥੇ ਮੰਡਲੀ ਦੇ ਲੋਕ ਹੈ ਜਿਹੜੇ ਇਕ ਦੂਜੇ (*heautous*, ''ਆਪਣੇ ਆਪ ਨੂੰ,'' ਜੋ ਅਸਲ ਵਿਚ *allēlous,* ''ਇਕ ਦੂਜੇ'' ਤੋਂ ਅੱਡ ਨਹੀਂ ਹੈ, ਆਪਸੀ ਅਰਥ ਵਿਚ ਨਿੱਜ

ਵਾਚਕ ਹੋਣਾ ਹੈ ...) ਨੂੰ ਸਿਖਾਉਂਦੇ ਅਤੇ ਚਿਤਾਰਦੇ ਹਨ।[6]

ਕਈਆਂ ਦਾ ਕਹਿਣਾ ਹੈ ਕਿ 3: 16 ਅਤੇ ਅਫ਼ਸੀਆਂ 5: 19 ਵਿਚ ਗਾਉਣ ਦੀ ਗੱਲ ਮਸੀਹੀ ਸਭਾਵਾਂ ਵਿਚ ਬੰਦਗੀ ਵੱਲ ਇਸ਼ਾਰਾ ਨਹੀਂ ਹੈ ਬਲਕਿ ਨਿੱਜੀ ਗਾਉਣ ਜਾਂ ਨਿੱਜੀ ਸਭਾਵਾਂ ਵੱਲ ਇਸ਼ਾਰਾ ਹੈ। ਐਫ਼. ਐਫ਼. ਬਰੂਸ ਨੇ ਅਜਿਹੇ ਨਿਚੋੜਾਂ ਦਾ ਖੰਡਣ ਕੀਤਾ ਹੈ:

> ਭਲਾ ''ਤੁਹਾਡੇ ਵਿਚ'' ਤੋਂ ਭਾਵ ''ਤੁਹਾਡੇ ਅੰਦਰ'' (ਨਿੱਜੀ ਮਸੀਹੀ ਲੋਕਾਂ ਦੇ ਰੂਪ ਵਿਚ) ਜਾਂ ''ਤੁਹਾਡੇ ਦਰਮਿਆਨ'' (ਮਸੀਹੀ ਜਮਾਤ ਦੇ ਰੂਪ ਵਿਚ) ਹੈ? [ਸ਼ਾਇਦ ਪੌਲੁਸ ਨੇ] ਦੋਹਾਂ ਵਿੱਚੋਂ ਕਿਸੇ ਬਦਲ ਨੂੰ ਵੱਧ ਮਜ਼ਬੂਤੀ ਨਾਲ ਕੱਢਣ ਦੀ ਪਰਵਾਹ ਨਹੀਂ ਕੀਤੀ, ਬੇਸ਼ੱਕ ਭਾਵੇਂ ਦੋਹਾਂ ਵਿੱਚੋਂ ਇਕ ਨੂੰ ਕੱਢ ਦਿੱਤਾ ਗਿਆ ਹੋਵੇ। ਸਮੂਹਿਕ ਅਰਥ ਦੇ ਸੰਦਰਭ ਨੂੰ ਧਿਆਨ ਵਿਚ ਰੱਖਦਿਆਂ ਤਰਜੀਹ ਦਿੱਤੀ। ਮਸੀਹੀ ਉਪਦੇਸ਼ ਦੇਣ ਅਤੇ ਉਨ੍ਹਾਂ ਦੀਆਂ ਸਭਾਵਾਂ ਵਿਚ ਮਸੀਹੀ ਸਿੱਖਿਆ ਦੇਣ ਦਾ ਕਾਫ਼ੀ ਮੌਕਾ ਹੋਵੇਗਾ।[7]

ਇਸ ਆਇਤ ਨੂੰ ਕਲੀਸੀਆਂ ਵੱਲੋਂ ਕੀਤੀ ਜਾਣ ਵਾਲੀ ਗਤੀਵਿਧੀ ਉੱਤੇ ਲਾਗੂ ਕਰਕੇ ਐਡੁਅਰਡ ਲੋਹਸੇ ਨੇ ਇਸ ਮੁਲਾਂਕਣ ਉੱਤੇ ਸਹਿਮਤੀ ਜਤਾਈ। ''ਲੋੜੀਂਦੀ ਸ਼ੁਕਰਗੁਜ਼ਾਰੀ, ਜਿਹਦੇ ਲਈ ਆਇਤ 15 ਦਲੇਰ ਕਰਦੀ ਹੈ, ਵਚਨ ਦੇ ਸੁਣਨ ਅਤੇ ਪ੍ਰਭਾਵ ਪੈਣ ਤੇ ਅਤੇ ਖ਼ੁਦਾ ਦੀ ਵਡਿਆਈ ਲਈ ਜਮਾਤ ਵੱਲੋਂ ਗੀਤ ਗਾਉਣ ਵਿਚ ਹੁੰਦੀ ਹੈ।''[8]

ਮੁੱਢਲੀ ਕਲੀਸੀਆ ਦੀਆਂ ਸਭਾਵਾਂ ਵਿਚ ਗਾਉਣਾ ਬੰਦਗੀ ਦਾ ਅਹਿਮ ਹਿੱਸਾ ਹੁੰਦਾ ਸੀ। ਪਲਿਨੀ ਛੋਟੇ (ਗਯੁਸ ਪਲਿਨਿਉਸ ਕੇਸਿਲਉਸ ਸਿਕੰਦੁਸ, ਜਨਮ ਲਗਭਗ 61 ਈਸਵੀ) ਨੇ ਮਸੀਹੀ ਲੋਕਾਂ ਨਾਲ ਆਪਣੀ ਗੱਲਬਾਤ ਬਾਰੇ ਲਿਖਿਆ। ਰੋਮੀ ਬਾਦਸ਼ਾਹ ਟਰਾਜਨ ਦੇ ਨਾਂਅ ਆਪਣੇ ਖਤਾਂ ਵਿਚ ਪਲਿਨੀ ਨੇ ਬਿਆਨ ਕੀਤਾ ਕਿ ਉਹ ਮਸੀਹੀ ਲੋਕਾਂ ਨੂੰ ਮਿਲਣ ਤੇ ਉਨ੍ਹਾਂ ਨਾਲ ਕਿਹੋ ਜਿਹਾ ਸਲੂਕ ਕਰਦਾ ਸੀ। ਇਨ੍ਹਾਂ ਖ਼ਤਾਂ ਤੋਂ ਮਸੀਹੀ ਸਭਾਵਾਂ ਦੇ ਅੰਦਰ ਦੀਆਂ ਗਤੀਵਿਧੀਆਂ ਨਾਲ ਜੁੜੇ ਗੈਰ–ਮਸੀਹੀ ਸਰੋਤ ਦੀਆਂ ਗੱਲਾਂ ਪਤਾ ਲੱਗਦੀਆਂ ਹਨ। ਈਸਵੀ 110 ਦੇ ਲਗਭਗ ਉਸ ਨੇ ਲਿਖਿਆ ਕਿ ''ਮੁਨ੍ਹੇਰੇ ਉਹ ਇਕ ਠਹਿਰਾਏ ਹੋਏ ਦਿਨ ਜਮ੍ਹਾਂ ਹੁੰਦੇ ਸਨ ਜਦ ਉਹ ਮਸੀਹ ਲਈ ਭਜਨ ਬਦਲਵੀਆਂ ਆਇਤਾਂ ਵਿਚ ਗਾਉਂਦੇ ਸਨ ਜਿਵੇਂ ਕਿਸੇ ਦੇਵਤੇ ਲਈ ਹੋਵੇ ...।''[9] ਇਹ ਮਸੀਹੀ ਲੇਖਾਂ ਦੇ ਬਾਹਰ ਜਿਹੜੇ ਬੰਦਗੀ ਦੌਰਾਨ ਮਸੀਹੀ ਲੋਕ ਗਾਉਂਦੇ ਸਨ, ਜਿਵੇਂ ਪੌਲੁਸ ਨੇ ਇਸ ਆਇਤ ਵਿਚ ਕਿਹਾ, ਇਤਿਹਾਸਕ ਸਬੂਤ ਹਨ (3: 16)।

**''ਜ਼ਬੂਰਾਂ ਅਤੇ ਭਜਨਾਂ ਅਤੇ ਆਤਮਿਕ ਗੀਤਾਂ ਦੇ ਦੁਆਰਾ''** (3: 16)

**ਜ਼ਬੂਰਾਂ ਅਤੇ ਭਜਨਾਂ ਅਤੇ ਆਤਮਿਕ ਗੀਤਾਂ ਦੇ ਦੁਆਰਾ** (ਅਫ਼ਸੀਆਂ 5: 19 ਵਿਚ ਵੀ ਮਿਲਦਾ ਹੈ) ਮੁੱਢਲੀ ਕਲੀਸੀਆ ਵੱਲੋਂ ਗਾਏ ਜਾਣ ਵਾਲੇ ਗੀਤਾਂ ਦੀਆਂ ਕਿਸਮਾਂ ਨੂੰ ਕਿਹਾ ਗਿਆ ਹੈ। ਟੀਕਾਕਾਰ ਆਮ ਤੌਰ ਤੇ ਇਸ ਉੱਤੇ ਸਹਿਮਤ ਹੁੰਦੇ ਹਨ ਕਿ ਇਨ੍ਹਾਂ ਸ਼ਬਦਾਂ ਵਿਚ ਫ਼ਰਕ ਕਰਨਾ ਬੜਾ ਹੀ ਮੁਸ਼ਕਿਲ ਹੈ। ਇਹ ਸ਼ਬਦ ਸੰਭਵ ਤੌਰ ਤੇ ਗਾਉਣ ਦੇ ਵੱਖੋ ਵੱਖ ਰੂਪਾਂ ਦਾ ਵੇਰਵਾ ਹਨ। ਕਈਆਂ ਨੇ ਸੁਝਾਅ ਦਿੱਤਾ ਹੈ ਕਿ ''ਜ਼ਬੂਰਾਂ'' (*psalmoi*) ਤੋਂ ਭਾਵ ਉਹ ਗੀਤ ਹਨ ਜਿਨ੍ਹਾਂ ਵਿਚ ਜ਼ਬੂਰਾਂ ਦੀ ਪੁਰਾਣੇ ਨੇਮ ਦੀ ਕਿਤਾਬ ਵਿਚ ਝਲਕ ਮਿਲਦੀ ਹੈ ਜਾਂ ਉਹ ਜ਼ਬੂਰਾਂ ਦੇ ਯਹੂਦੀ ਰੂਪ ਦੀ ਨਕਲ ਸਨ। ''ਭਜਨਾਂ'' (*humnoi*) ਮਸੀਹੀ ਗੀਤਕਾਰਾਂ ਵੱਲੋਂ ਤਿਆਰ ਕੀਤੇ ਉਸਤਤ ਦੇ ਗੀਤਾਂ ਨੂੰ ਕਿਹਾ ਗਿਆ ਹੈ। ''ਆਤਮਿਕ ਗੀਤਾਂ'' ਮੁੱਢਲੀ ਕਲੀਸੀਆ ਦੇ ਸਮੇਂ ਦੇ ਗੀਤਾਂ ਦੀ ਸ਼ੈਲੀ ਨੂੰ ਕਿਹਾ ਗਿਆ ਹੈ। ''ਗੀਤ'' (*odai*) ਜ਼ਰੂਰੀ ਨਹੀਂ ਹੈ ਕਿ ਧਾਰਮਿਕ ਹੀ ਹੋਣ, ਪਰ ਪੌਲੁਸ ਨੇ ਸਾਫ਼ ਕੀਤਾ

ਕਿ ਕਿਹੋ ਜਿਹੇ ਗੀਤ ਗਾਏ ਜਾਣ ਕਿ ਉਹ ਧਾਰਮਿਕ ਜਾਂ ‘‘ਰੂਹਾਨੀ’’ ਗੀਤ ਹੀ ਹੋਣ। ਓ’ਬ੍ਰਾਇਨ ਨੇ ਨਿਚੋੜ ਕੱਢਿਆ ਹੈ:

> ਵੱਖੋ ਵੱਖ ਸ਼ਬਦਾਂ ਦੇ ਅਧਾਰ ਤੇ ਭਾਵੇਂ ਸ਼ਬਦਾਂ ਵਿਚਕਾਰ ਫ਼ਰਕ ਨਹੀਂ ਕੀਤਾ ਜਾ ਸਕਦਾ ਹੈ, ਅਤੇ ਨਾ ਹੀ ਨਵੇਂ ਨੇਮ ਦੇ ਜ਼ਬੂਰਾਂ ਦਾ ਸਹੀ ਸਹੀ ਵਰਗੀਕਰਣ ਕੀਤਾ ਜਾ ਸਕਦਾ ਹੈ … ‘‘ਜ਼ਬੂਰ’’ ਅਤੇ ‘‘ਭਜਨ’’ ‘‘ਰੂਹਾਨੀ ਗੀਤ ਗਾਉਣ ਦੇ ਪੂਰੇ ਦਾਇਰੇ ਨੂੰ ਜਿਸ ਦੀ ਪ੍ਰੇਰਣਾ ਆਤਮਾ ਦਿੰਦਾ ਹੈ’’ ਬਿਆਨ ਕਰਦਾ ਹੈ। … ਮਸੀਹ ਦਾ ਵਚਨ ਜਦ ਜਮਾਤ ਦੇ ਲੋਕਾਂ ਵਿਚ ਵੱਸ ਕੇ ਉਨ੍ਹਾਂ ਨੂੰ ਚਲਾਉਂਦਾ ਹੈ ਤਾਂ ਉਹ ਆਤਮਾ ਨਾਲ ਭਰੇ ਹੋਏ ਜ਼ਬੂਰਾਂ, ਭਜਨਾਂ ਅਤੇ ਗੀਤਾਂ ਦੇ ਰਾਹੀਂ ਇਕ ਦੂਜੇ ਨੂੰ ਸਿਖਾਉਂਦੇ ਅਤੇ ਚਿਤਾਰਦੇ ਹਨ।[10]

**‘‘ਕਿਰਪਾ ਨਾਲ ਪਰਮੇਸ਼ੁਰ ਨੂੰ ਆਪਣਿਆਂ ਮਨਾਂ ਵਿਚ ਗਾਇਆ ਕਰੋ’’** (3:16)

**ਗਾਇਆ ਕਰੋ** (*adontes*), ਬੰਦਗੀ ਕਰਨ ਵਾਲਿਆਂ ਦੇ **ਮਨਾਂ ਵਿਚ** (*kardiai*) ਕਿਰਪਾ [*charis*] ਨਾਲ **ਪਰਮੇਸ਼ੁਰ ਨੂੰ** ਵਡਿਆਈ ਦੇਣ ਲਈ ਹੋਣਾ ਚਾਹੀਦਾ ਹੈ। ਇਸ ਨਾਲ ਥੋੜ੍ਹਾ ਮੇਲ ਖਾਂਦੀ ਆਇਤ (ਅਫ਼ਸੀਆਂ 5:19) ਵਿਚ ਪੌਲੁਸ ਨੇ ਅਫ਼ਸੀਆਂ ਨੂੰ ਲਿਖਿਆ, ‘‘ਮਨ ਲਾ ਕੇ ਪ੍ਰਭੂ ਲਈ ਗਾਉਂਦੇ [*adontes*] ਵਜਾਉਂਦੇ [*psallontes*] ਰਿਹਾ ਕਰੋ।’’ ਕੁਝ ਲੋਕ *psalmos,* ‘‘ਜ਼ਬੂਰ’’ ਦੀ ਸਜਾਤੀ ਕਿਰਿਆ *psallō* ਦੇ ਅਰਥ ਤੇ ਝਗੜਾ ਕਰਦੇ ਹਨ (ਇਸ ਕਿਤਾਬ ਵਿਚ ਅੱਗੇ ਵੇਖੋ ‘‘ਹੋਰ ਅਧਿਐਨ ਲਈ: *psallō* ਦਾ ਅਰਥ’’)।

ਅਗਲੀ ਆਇਤ ਵਿਚ ਪੌਲੁਸ ਨੇ ਕੁਲੁੱਸੀਆਂ ਨੂੰ ਹਦਾਇਤ ਕੀਤੀ ਕਿ ਜੋ ਕੁਝ ਵੀ ਕਰਨ ਉਸ ਸਭ ਵਿਚ ‘‘ਸ਼ੁਕਰਗੁਜ਼ਾਰੀ’’ ਹੋਵੇ, ਜਿਸ ਕਰਕੇ ਜੇ. ਬੀ. ਲਾਈਟਫ਼ੁਟ ਨੇ ਨਿਚੋੜ ਕੱਢਿਆ ਕਿ *charis* ਦਾ ਅਰਥ ‘‘ ‘ਕਬੂਲਣ ਯੋਗ,’ ‘ਮਿਠਾਸ’ ’’ ਦੇ ਅਰਥ ਵਿਚ ਸਮਝਿਆ ਜਾਣਾ ਚਾਹੀਦਾ ਹੈ।[11] ਜੋ ਕਿ ਇਸ ਦੇ ਮੁੱਖ ਅਰਥ ਨਾਲ ਵਧੇਰੇ ਮੇਲ ਖਾਂਦਾ ਹੈ KJV ਅਤੇ NKJV ਅਤੇ ਪੰਜਾਬੀ ਵਿਚ ਇਸ ਦਾ ਅਨੁਵਾਦ ‘‘ਕਿਰਪਾ’’ ਹੋਇਆ ਹੈ, ਪਰ ਹੋਰ ਅਨੁਵਾਦਾਂ ਵਿਚ ‘‘ਸ਼ੁਕਰਗੁਜ਼ਾਰੀ,’’ ‘‘ਸ਼ੁਕਰਗੁਜ਼ਾਰ ਹੋਣਾ’’ ਜਾਂ ‘‘ਧੰਨਵਾਦ’’ ਹੋਇਆ ਹੈ। (RSV; NRSV; 1977 NASB; NASB; NIV; TNIV)। ਅਨੁਵਾਦਕ ਅਤੇ ਟੀਕਾਕਾਰ ਆਮ ਤੌਰ ਤੇ ਮੰਨਦੇ ਹਨ ਕਿ ਇੱਥੇ ਇਸ ਦਾ ਅਰਥ ਧੰਨਵਾਦ ਜਾਂ ਸ਼ੁਕਰਗੁਜ਼ਾਰੀ ਹੈ। ਜਦ ਕਿ ਹੋਰ ਆਇਤਾਂ ਵਿਚ *charis* ਦਾ ਅਰਥ ਉਹੀ ਨਹੀਂ ਮਿਲਦਾ ਹੈ।

ਓਸੇ ਮੂਲ ਸ਼ਬਦ ਤੋਂ *charis* ਦਾ ਅਨੁਵਾਦ NASB 122 ਵਾਰ ‘‘ਕਿਰਪਾ,’’ 3 ਵਾਰ ‘‘ਸ਼ੁਕਰਗੁਜ਼ਾਰੀ,’’ 2 ਵਾਰ ‘‘ਸ਼ੁਕਰਗੁਜ਼ਾਰ ਹੋਣਾ’’ ਅਤੇ 6 ਵਾਰ ‘‘ਸ਼ੁਕਰਗੁਜ਼ਾਰੀ’’ ਹੋਇਆ ਹੈ। *Charis* ਦੀ ਵਰਤੋਂ ਭਾਵੇਂ ਜ਼ਿਆਦਾਤਰ ਸ਼ੁਕਰਗੁਜ਼ਾਰੀ ਲਈ ਨਹੀਂ ਹੋਈ ਹੈ ਪਰ ਕੁਝ ਪਿਛੋਕੜਾਂ ਵਿਚ ਇਹ ਅਰਥ ਬੇਹਤਰ ਮੇਲ ਖਾਂਦਾ ਹੈ (ਰੋਮੀਆਂ 6:17; 1 ਕੁਰਿੰਥੀਆਂ 15:57; 2 ਕੁਰਿੰਥੀਆਂ 2:14; 8:16; 9:15)। ਇਸ ਦਾ ਮੁੱਖ ਅਰਥ ਖੂਬਸੂਰਤੀ ਅਤੇ ਦਿਲਕਸ਼ ਕਸ਼ਿਸ਼ ਹੈ। ਜਿਸ ਨੂੰ ਮਨੋਹਰਤਾ, ਕਿਰਪਾਲਤਾ ਅਤੇ ਮੋਹਕਤਾ ਦੇ ਰੂਪ ਵਿਚ ਬਿਆਨਿਆ ਜਾ ਸਕਦਾ ਹੈ। ਰਿਸ਼ਤਿਆਂ ਲਈ ਵਰਤੇ ਜਾਣ ਤੇ ਕਿਰਪਾ ਤੋਂ ਭਾਵ ਉਹ ਹਮਾਇਤ ਦੇਣਾ ਹੈ ਜਿਸ ਦੇ ਕੋਈ ਯੋਗ ਨਾ ਹੋਵੇ। ਕਈ ਵਾਰ ਇਸ ਦਾ ਅਰਥ ਸ਼ੁਕਰਗੁਜ਼ਾਰੀ ਅਤੇ ਖ਼ਾਸ ਹਮਾਇਤ ਦੇਣ ਲਈ ਸ਼ੁਕਰ ਕਰਨਾ ਹੁੰਦਾ ਹੈ।

## ਸਭ ਕੁਝ ਓਸੇ ਦੇ ਨਾਂਅ ਵਿਚ ਕਰਨਾ (3:17)

**17ਅਤੇ ਸਭ ਜੋ ਕੁਝ ਤੁਸੀਂ ਕਰੋ ਭਾਵੇਂ ਵਚਨ ਭਾਵੇਂ ਕਰਮ ਸੱਭੋ ਹੀ ਪ੍ਰਭੂ ਯਿਸੂ ਦੇ ਨਾਮ ਉੱਤੇ ਕਰੋ ਅਰ ਉਹ ਦੇ ਰਾਹੀਂ ਪਿਤਾ ਪਰਮੇਸ਼ੁਰ ਦਾ ਧੰਨਵਾਦ ਕਰੋ।**

**''ਸਭ ਜੋ ਕੁਝ ਤੁਸੀਂ ਕਰੋ ਭਾਵੇਂ ਵਚਨ ਭਾਵੇਂ ਕਰਮ,**
**ਸੱਭੋ ਹੀ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਕਰੋ''** (3:17)

ਕੁਲੁੱਸੀਆਂ ਲਈ ਜੋ ਕੁਝ ਪੌਲੁਸ ਨੇ ਉਨ੍ਹਾਂ ਨੂੰ ਦੱਸਿਆ ਸੀ ਸਿਰਫ਼ ਉਹੀ ਕਰਨਾ ਜ਼ਰੂਰੀ ਨਹੀਂ ਸੀ ਬਲਕਿ **ਜੋ ਕੁਝ ਵੀ** *[ਉਹ ਕਰਦੇ]* **ਵਚਨ ਭਾਵੇਂ ਕਰਮ** ਉਹ ਯਿਸੂ ਦੇ ਨਾਮ ਵਿਚ ਕੀਤਾ ਜਾਣਾ ਜ਼ਰੂਰੀ ਸੀ। **ਸੱਭੋ** ਵਿਚ ਨਿਰੇ ਭਲੇ ਕੰਮਾਂ ਦਾ ਸੰਕੇਤ ਸੀ ਨਾ ਕਿ ਬੁਰੇ ਕੰਮਾਂ ਦਾ।

ਮਸੀਹੀਅਤ ਇਕ ਸਰਗਰਮ ਧਰਮ ਹੈ। ਮਸੀਹੀ ਲੋਕਾਂ ਲਈ *ਜਾਣਨ* ਨਾਲ–ਨਾਲ *ਕੰਮ* ਕਰਨਾ (ਯਾਕੂਬ 4:17), *ਨਿਹਚਾ* ਦੇ ਨਾਲ–ਨਾਲ *ਅਮਲ* ਕਰਨਾ (ਯਾਕੂਬ 2:24), ਅਤੇ *ਬੋਲਣ* ਦੇ ਨਾਲ–ਨਾਲ *ਕਰਨਾ* ਜ਼ਰੂਰੀ ਹੈ (ਮੱਤੀ 23:3)। ਸਭ ਲੋਕਾਂ ਦਾ ਨਿਆਂ ਉਨ੍ਹਾਂ ਦੇ ਕਹੇ ਗਏ ਬੋਲਾਂ (ਮੱਤੀ 12:37) ਅਤੇ ਉਨ੍ਹਾਂ ਦੇ ਕਰਮਾਂ (ਉਪਦੇਸ਼ਕ ਦੀ ਪੋਥੀ 12:14; ਮੱਤੀ 16:27; ਰੋਮੀਆਂ 2:6; 2 ਕੁਰਿੰਥੀਆਂ 5:10; 1 ਪਤਰਸ 1:17) ਨਾਲ ਹੋਵੇਗਾ, ਨਾ ਕਿ ਉਸ ਨਾਲ ਜੋ ਉਹ ਜਾਣਦੇ ਜਾਂ ਮੰਨਦੇ ਹਨ। ਇਸ ਕਰਕੇ ਜੋ ਕੁਝ ਵੀ ਅਸੀਂ ਆਖਦੇ ਅਤੇ ਕਰਦੇ ਹਾਂ ਉਸ ਵਿਚ ਸਾਨੂੰ ਬੜੇ ਖ਼ਬਰਦਾਰ ਰਹਿਣ ਦੀ ਲੋੜ ਹੈ।

ਹੁਕਮ ਮੰਨਣ ਦੇ ਬਾਹਰੀ ਇਜ਼ਹਾਰ ਦਿਲੋਂ ਪ੍ਰੇਰਣਾ ਨਾਲ ਹੋਣੇ ਲਾਜ਼ਮੀ ਹਨ (ਰੋਮੀਆਂ 6:17), ਜਿਵੇਂ ਕੰਮ ਕਰਨ ਲਈ ਆਦਮੀ ਨੂੰ ਪ੍ਰੇਰਣਾ ਦੇਣ ਵਾਸਤੇ ਯਕੀਨ ਜ਼ਰੂਰੀ ਹੈ (ਇਬਰਾਨੀਆਂ 11:4, 5, 7; ਯਾਕੂਬ 2:14–26)। ਕ੍ਰੋਧ, ਰਹਿਮ, ਨਫ਼ਰਤ, ਪ੍ਰੇਮ, ਦਯਾ, ਸੋਗ, ਆਨੰਦ, ਕਾਮਨਾ, ਨੇਕੀ, ਬਦੀ, ਸਚਿਆਈ ਅਤੇ ਕਿਸੇ ਵੀ ਤਰ੍ਹਾਂ ਕੰਮ ਭਾਵੇਂ ਭਲਾ ਹੋਵੇ ਜਾਂ ਬੁਰਾ, ਅਤੇ ਆਦਮੀ ਦੀ ਭਾਸ਼ਾ ਉਸ ਦੇ ਮਨ ਦੇ ਖ਼ਜ਼ਾਨੇ ਵਿੱਚੋਂ ਨਿੱਕਲਦੇ ਹਨ (ਮੱਤੀ 12:34–36)। ਇਸੇ ਲਈ ਨਿਆਂ ਬਚਨਾਂ ਅਤੇ ਕਰਮਾਂ ਦੇ ਅਧਾਰ ਤੇ ਹੁੰਦਾ ਹੈ।

''ਜੋ ਕੁਝ'' ਅਤੇ ''ਸੱਭੋ'' ਸ਼ਬਦ ਇੱਕੋ ਮੂਲ ਸ਼ਬਦ ਵਿੱਚੋਂ ਨਿੱਕਲੇ ਹਨ ਅਤੇ ਉਹ ਯਿਸੂ ਦੇ ਇਖ਼ਤਿਆਰ ਦੇ ਅਨੁਸਾਰ ਸਭ ਕੁਝ ਕਰਨ ਦੀ ਅਹਿਮੀਅਤ ਤੇ ਜ਼ੋਰ ਦਿੰਦੇ ਹਨ। **ਪ੍ਰਭੂ ਯਿਸੂ ਦੇ ਨਾਮ ਉੱਤੇ** ਵਾਕ ਅੰਸ਼ ਤੋਂ ਇਹੀ ਭਾਵ ਹੈ:

ਵਿਲੀਅਮ ਹੈਂਡ੍ਰਿਕਸਨ ਦਾ ਮੁਲਾਂਕਣ ਸਹੀ ਹੈ:

> ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ *ਨਾਮ* ਪ੍ਰਭੂ ਯਿਸੂ ਦਾ ਸੰਕੇਤ ਇਵੇਂ ਦਿੰਦਾ ਹੈ ਜਿਵੇਂ ਓਸੇ ਨੂੰ ਵਿਖਾ ਰਿਹਾ ਹੋਵੇ। ਇਸ ਕਰਕੇ ''ਦੇ ਨਾਮ ਉੱਤੇ'' ਤੋਂ ਭਾਵ ਉਸ ਨਾਲ ਵਿਆਪਕ ਸਬੰਧ ਵਿਚ ''ਹੈ'' ਭਾਵ ਉਸ ਦੀ ਪਰਗਟ ਇੱਛਿਆ ਨਾਲ ਮੇਲ ਖਾਂਦਿਆਂ ਉਸ ਦੇ ਇਖ਼ਤਿਆਰ ਦੇ ਅਧੀਨ, ਉਸ ਦੀ ਸਮਰੱਥਾ ਉੱਤੇ ਨਿਰਭਰਤਾ ਵਿਚ ਹੈ।[12]

ਕੁਲੁੱਸੀਆਂ ਨੂੰ ਸੱਭੋ ਕੁਝ ''ਪ੍ਰਭੂ ਯਿਸੂ ਦੇ ਨਾਮ ਉੱਤੇ *[en]*'' ਕਰਨਾ ਸੀ। ਇਸ ਦਾ ਮਤਲਬ ਇਹ ਸੀ ਕਿ ਜੋ ਕੁਝ ਵੀ ਉਨ੍ਹਾਂ ਨੇ ਕਰਨਾ ਸੀ ਉਸ ਦੇ ਸਮਾਨ ਵਿਚ ਉਸ ਦੀ ਅਧੀਨਤਾ ਵਿਚ ਅਤੇ ਉਸ ਦੇ ਆਦਰ ਵਿਚ ਕੀਤਾ ਜਾਣਾ ਸੀ। ਜਿਸ ਦੀ ਉਹਦੇ ਨਾਮ ਦੀ ਨੁਮਾਇੰਦਗੀ ਹੁੰਦੀ ਹੈ। ਯਿਸੂ ਦੇ ਨਾਮ ਪ੍ਰਤੀ ਇਹ ਵਿਹਾਰ, ਜੋ ਖ਼ੁਦ ਯਿਸੂ ਨਾਲ ਸੀ, ਹਰ ਕੰਮ ਪ੍ਰੇਰਣਾ ਦੇਣ ਵਾਲੀ ਸ਼ਕਤੀ ਹੋਣਾ ਜ਼ਰੂਰੀ ਹੈ। ਉਨ੍ਹਾਂ ਨੇ ਸਭ ਕੁਝ ਓਸੇ ਦੀ ਇੱਛਿਆ ਅਨੁਸਾਰ ਕਰਨਾ ਸੀ ਅਤੇ ਕੁਝ ਵੀ ਉਸ ਦੀ ਉਮੀਦ ਦੇ ਉਲਟ ਨਹੀਂ ਕਰਨਾ ਸੀ; ਇਸੇ ਤਰ੍ਹਾਂ ਉਨ੍ਹਾਂ ਨੇ ਉਸ ਦੇ ਇਖ਼ਤਿਆਰ ਦੇ ਸਨਮਾਨ ਲਈ ਸਭ ਕੁਝ ਉਸ ਦੇ ਨਾਂਅ ਵਿਚ ਕਰਨਾ ਸੀ।

ਮਸੀਹੀ ਲੋਕਾਂ ਦੇ ਕੰਮ ਮਨੁੱਖੀ ਇਖ਼ਤਿਆਰ ਤੇ ਅਧਾਰਿਤ ਨਹੀਂ ਹਨ। ਜੇ ਕਿਸੇ ਧਾਰਮਿਕ ਗੁਰੂ ਵੱਲੋਂ ਕੋਈ ਨਵੀਂ ਗੱਲ ਦੱਸੀ ਜਾਂਦੀ ਹੈ ਤਾਂ ਇਸ ਨੂੰ ਮੰਨਣ ਵਾਲੇ ਇਸ ਨੂੰ ਸਿਰਫ਼ ਉਸ ਵਿਅਕਤੀ ਦੇ ਨਾਮ ਤੇ ਅਧਾਰਿਤ ਮੰਨ ਸਕਦੇ ਹਨ ਜਿਸ ਨੇ ਇਸ ਦੀ ਸ਼ੁਰੂਆਤ ਕੀਤੀ। ਇਸ ਰੀਤ ਨੂੰ ਯਿਸੂ ਦੇ

ਨਾਮ ਵਿਚ ਨਹੀਂ ਕੀਤਾ ਜਾ ਸਕਦਾ।

ਇਖ਼ਤਿਆਰ ਵਿਚ ਯਿਸੂ ਸਰਵਉੱਚ ਹੈ। ਉਸ ਨੂੰ ''ਪ੍ਰਭੂ'' ਅਤੇ ''ਯਿਸੂ'' ਜਾਂ ''ਮਸੀਹ'' ਕਿਹਾ ਗਿਆ ਹੈ। ''ਪ੍ਰਭੂ'' ਸ਼ਬਦ ਇਖ਼ਤਿਆਰ ਦਾ ਸੰਕੇਤ ਦਿੰਦਾ ਹੈ ਅਤੇ ਇਸ ਦੀ ਵਰਤੋਂ ਯਿਸੂ (1 ਕੁਰਿੰਥੀਆਂ 8:6) ਦੇ ਨਾਲ–ਨਾਲ ਪਿਤਾ (ਮੱਤੀ 4:7) ਲਈ ਹੋ ਸਕਦੀ ਹੈ। ਨਵੇਂ ਨੇਮ ਵਿਚ ''ਪ੍ਰਭੂ'' ਦੀ ਵਰਤੋਂ ਮੁੱਖ ਤੌਰ ਤੇ ਯਿਸੂ ਨਾਮ ਇਬਰਾਨੀ ਭਾਸ਼ਾ ਵਿਚ ''ਯਹੋਸ਼ੁਆ'' ਹੈ ਜਿਸ ਦਾ ਅਰਥ ''ਯਾਹਵੇਹ ਬਚਾਉਂਦਾ ਹੈ'' ਜਾਂ ''ਯਾਹਵੇਹ ਮੁਕਤੀ ਹੈ'' ਹੈ। ਇਬਰਾਨੀ ਭਾਸ਼ਾ ਦੇ ਸ਼ਬਦ ''ਮਸੀਹਾ'' ਨਾਲ ਮੇਲ ਖਾਂਦੇ ਰੁਤਬੇ ''ਖ੍ਰਿਸਟੁਸ'' ਦਾ ਅਰਥ ''ਰਾਜਾ, ਨਬੀ ਜਾਂ ਯਾਜਕ ਦੇ ਰੂਪ ਵਿਚ ਮਸਹ ਕੀਤਾ ਹੋਇਆ'' ਹੈ।

ਯਿਸੂ ਦੇ ਨਾਮ ਦੇ ਸਬੰਧ ਵਿਚ ਜੋ ਕੁਝ ਵੀ ਕਿਹਾ ਗਿਆ ਹੈ ਉਹ ਉਸ ਵਾਸਤੇ ਹੈ। ਉਸ ਨੂੰ ਆਪਣੇ ਨਾਂਅ ਨਾਲੋਂ ਅੱਡ ਨਹੀਂ ਕੀਤਾ ਜਾ ਸਕਦਾ। ਉਸ ਦਾ ਨਾਂਅ ਹਰ ਨਾਂਅ ਤੋਂ ਉੱਪਰ ਹੈ (ਅਫ਼ਸੀਆਂ 1:21; ਫ਼ਿਲਿੱਪੀਆਂ 2:9), ਅਤੇ ਹੋਰ ਕਿਸੇ ਵੀ ਨਾਂਅ ਦੇ ਉੱਪਰ ਹੈ। ਹਰ ਗੋਡਾ ਉਹਦੇ ਨਾਂਅ ਅੱਗੇ ਝੁਕੇਗਾ (ਫ਼ਿਲਿੱਪੀਆਂ 2:10) ਅਤੇ ਉਹਦੇ ਅੱਗੇ ਗੋਡੇ ਟੇਕੇਗਾ। ਕੁਝ ਬੇਨਤੀਆਂ ਨਾਲ ਮੇਲ ਖਾਣ ਲਈ ਯਿਸੂ ਦੇ ਨਾਮ ਵਿਚ ਬੇਨਤੀਆਂ ਕਰਦਿਆਂ (1 ਕੁਰਿੰਥੀਆਂ 1:10; 2 ਥੱਸਲੁਨੀਕੀਆਂ 3:6; 2 ਤਿਮੋਥਿਉਸ 2:19) ਪੌਲੁਸ ਯਿਸੂ ਦੇ ਸਨਮਾਨ ਵਿਚ ਗੱਲ ਕਰ ਰਿਹਾ ਸੀ। 3:17 ਵਿਚ ਪੌਲੁਸ ਨੇ ਕੁਲੁੱਸੀਆਂ ਨੂੰ ਆਪਣੇ ਜੀਣ ਦਾ ਢੰਗ ''ਪ੍ਰਭੂ ਯਿਸੂ ਦੇ ਨਾਮ ਉੱਤੇ'' ਭਾਵ ਯਿਸੂ ਦੇ ਇਖ਼ਤਿਆਰ ਅਤੇ ਪ੍ਰਭੂ ਦੇ ਰੂਪ ਵਿਚ ਉਸ ਦੀ ਸ਼ਕਤੀ ਨੂੰ ਮੰਨਣ ਅਨੁਸਾਰ ਬਣਾਉਣ ਦੀ ਬੇਨਤੀ ਕੀਤੀ।

ਯਿਸੂ ਦੇ ਪੈਰੋਕਾਰ ਬਣ ਜਾਣ ਵਾਲਿਆਂ ਨੂੰ ''ਮਸੀਹੀ'' ਆਖਿਆ ਜਾਂਦਾ ਹੈ। ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ਯਿਸੂ ਦੇ ਲਹੂ ਨਾਲ ਖ਼ਰੀਦਿਆ ਗਿਆ ਹੈ (ਪ੍ਰਕਾਸ਼ ਦੀ ਪੋਥੀ 1:5)। ਉਸ ਦੇ ਦਾਸਾਂ ਦੇ ਰੂਪ ਵਿਚ ਅਸੀਂ ਉਸ ਦੇ ਹਾਂ (1 ਕੁਰਿੰਥੀਆਂ 7:22; ਅਫ਼ਸੀਆਂ 6:6) ਅਤੇ ਸਾਨੂੰ ਉਸ ਦੀ ਵਡਿਆਈ ਕਰਨੀ ਜ਼ਰੂਰੀ ਹੈ (1 ਕੁਰਿੰਥੀਆਂ 6:20)। ਅਸੀਂ ਉਸ ਦੀ ਵਡਿਆਈ ਕਰਦੇ ਹਾਂ ਜੇ ਅਸੀਂ ਸਭ ਕੁਝ ਉਸ ਦੇ ਨਾਂਮ ਨਾਲ ਭਾਵ ਉਸ ਦੀ ਇੱਛਿਆ ਨਾਲ ਕਰਦੇ ਹਾਂ, ਕਿਉਂ ਜੋ ਉਹ ਸਾਡਾ ਪ੍ਰਭੂ ਹੈ। ਮਸੀਹੀ ਬਣਨ ਵੇਲੇ ਅਸੀਂ ਉਸ ਨੂੰ ਆਪਣੇ ਪ੍ਰਭੂ ਦੇ ਤੌਰ ਤੇ ਮੰਨਦਿਆਂ (ਰਸੂਲਾਂ ਦੇ ਕੰਮ 2:21; ਰੋਮੀਆਂ 10:13) ਉਸ ਦਾ ਨਾਂਅ ਪੁਕਾਰਿਆ ਸੀ (ਮੱਤੀ 7:21; ਲੂਕਾ 6:46; ਰਸੂਲਾਂ ਦੇ ਕੰਮ 22:16)। ਅਸੀਂ ਮਸੀਹ ਦੇ ਹਾਂ ਇਸ ਕਰਕੇ ਸਾਨੂੰ ਉਹਦੀ ਸੇਵਾ ਕਰਦੇ ਰਹਿਣਾ ਅਤੇ ਸਭ ਕੁਝ ਓਸੇ ਦੇ ਨਾਮ ਵਿਚ ਭਾਵ ਉਹਦੀ ਮਰਜ਼ੀ ਨਾਲ ਕਰਨਾ ਲਾਜ਼ਮੀ ਹੈ।

### **''ਉਹ ਦੇ ਰਾਹੀਂ ਪਿਤਾ ਪਰਮੇਸ਼ੁਰ ਦਾ ਧੰਨਵਾਦ ਕਰੋ''** (3:17)

ਇਸ ਤੋਂ ਇਲਾਵਾ ਜੋ ਕੁਝ ਵੀ ਅਸੀਂ ਕਰਦੇ ਹਾਂ ਉਸ ਵਿਚ **ਸ਼ੁਕਰਗੁਜ਼ਾਰੀ** ਕਰਨਾ ਜ਼ਰੂਰੀ ਹੈ। ਅਨੁਵਾਦ ਹੋਏ ਸ਼ਬਦ ''ਧੰਨਵਾਦ'' (*eucharisteō*) ਵਿਚ *charis* ''ਕਿਰਪਾ'' ਸ਼ਬਦ ਹੈ, ਜਿਸ ਵਿਚ ਸ਼ੁਕਰਗੁਜ਼ਾਰੀ ਅਤੇ ਧੰਨਵਾਦ ਹੋ ਸਕਦੇ ਹਨ (ਵੇਖੋ 3:16)। 1:3, 12 ਅਤੇ ਕਿਤੇ ਹੋਰ ਪੌਲੁਸ ਨੇ ਇਸੇ ਸ਼ਬਦ ਨੂੰ ਕਈ ਹੋਰ ਰੂਪਾਂ ਵਿਚ ਵਰਤਿਆ ਹੈ (2:7; 3:15, 16, 17; 4:2)। *Eucharisteō* ਦੀ ਵਰਤੋਂ ਖ਼ੁਦਾ ਅੱਗੇ ਯਿਸੂ ਦੀ ਦੁਆ ਦੇ ਸਬੰਧ ਵਿਚ ਉਹਦੇ ਵੱਲੋਂ ਚਾਰ ਹਜ਼ਾਰ ਬੰਦਿਆਂ ਨੂੰ ਰੋਟੀਆਂ ਅਤੇ ਮੱਛੀਆਂ ਨਾਲ ਰੱਜ ਕੇ ਖੁਆਉਣ (ਮੱਤੀ 15:36) ਤੋਂ ਪਹਿਲਾਂ ਅਤੇ ਉਸ ਦੀ ਦੁਆ ਦੇ ਸਬੰਧ ਵਿਚ ਕੀਤੀ ਗਈ, ਅਤੇ ਉਸ ਵੱਲੋਂ ਪ੍ਰਭੂ ਭੋਜ ਦੀ ਸਥਾਪਨਾ ਕਰਨ ਵੇਲੇ ਉਸ ਦੀ ਦੁਆ ਦੇ ਸਬੰਧ ਵਿਚ ਕੀਤੀ ਗਈ (ਮੱਤੀ 26:27)। ਹੋਰਨਾਂ ਆਇਤਾਂ ਵਿਚ ਇਸ ਦੀ ਵਰਤੋਂ ਖ਼ੁਦਾ ਅੱਗੇ ਕੀਤੀਆਂ ਗਈਆਂ ਦੁਆਵਾਂ ਵਿਚ (ਯੂਹੰਨਾ 11:41; ਰਸੂਲਾਂ ਦੇ ਕੰਮ 27:35) ਜਾਂ ਸ਼ੁਕਰਗੁਜ਼ਾਰੀ ਕਰਨ ਲਈ (1 ਕੁਰਿੰਥੀਆਂ 1:14; 14:18) ਕੀਤੀ ਗਈ ਹੈ।

ਕੁਲੁੱਸੇ ਦੇ ਲੋਕਾਂ ਨੂੰ 3:15–17 ਵਿਚ ਪੌਲੁਸ ਵੱਲੋਂ ਦਿੱਤੀਆਂ ਗਈਆਂ ਤਿੰਨ ਮਨਾਹੀਆਂ ਨਾਲ ਸ਼ੁਕਰਗੁਜ਼ਾਰੀ ਨਾਲ ਜੁੜੇ ਰਹਿਣਾ ਜ਼ਰੂਰੀ ਸੀ। ਉਨ੍ਹਾਂ ਨੇ ਸ਼ੁਕਰਗੁਜ਼ਾਰੀ ਨਾਲ ਇਕ ਦੇਹ ਵਿਚ ਆਪਣੇ ਮਨਾਂ ਵਿਚ ਮਸੀਹ ਦੀ ਸ਼ਾਂਤੀ ਨੂੰ ਰਾਜ ਕਰਨ ਦੇਣਾ ਸੀ (ਆਇਤ 15); ਉਨ੍ਹਾਂ ਨੇ ਮਸੀਹ ਦੇ ਵਚਨ ਨੂੰ ਸ਼ੁਕਰਗੁਜ਼ਾਰੀ ਨਾਲ ਵੱਸਣ ਦੇ ਕੇ ਗਾਉਣਾ ਸੀ (ਆਇਤ 16); ਅਤੇ ਉਨ੍ਹਾਂ ਨੇ ਸ਼ੁਕਰਗੁਜ਼ਾਰੀ ਨਾਲ ਪ੍ਰਭੂ ਯਿਸੂ ਦੇ ਨਾਮ ਵਿਚ ਸੱਭੋ ਕੁਝ ਕਰਨਾ ਸੀ (ਆਇਤ 17)। ਕੁਲੁੱਸੀਆਂ ਕੋਲ ਹਰ ਸਮੇਂ ਹਰ ਗੱਲ ਵਿਚ ਸ਼ੁਕਰਗੁਜ਼ਾਰੀ ਕਰਨ ਦਾ ਕਾਰਣ ਸੀ। ਅਫ਼ਸੀਆਂ ਨੂੰ ਪੌਲੁਸ ਨੇ ਦੱਸਿਆ ਕਿ ''ਸਭਨਾਂ ਗੱਲਾਂ ਵਾਸਤੇ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਪਰਮੇਸ਼ੁਰ ਅਰਥਾਤ ਪਿਤਾ ਦਾ ਸਦਾ ਧੰਨਵਾਦ ਕਰੋ'' (ਅਫ਼ਸੀਆਂ 5:20)।

**ਉਹ ਦੇ ਰਾਹੀਂ** ਕਹਿਣ ਤੋਂ ਪੌਲੁਸ ਦਾ ਭਾਵ ਸੀ ਕਿ ਉਹ ਆਪਣੀਆਂ ਦੁਆਵਾਂ, ਉਸਤਤ, ਬੰਦਗੀ ਅਤੇ ਸ਼ੁਕਰਗੁਜ਼ਾਰੀ ਨਾਲ ਯਿਸੂ ਦੇ ਰਾਹੀਂ **ਪਿਤਾ ਪਰਮੇਸ਼ੁਰ** ਕੋਲ ਜਾਣ। ਮਸੀਹੀ ਲੋਕਾਂ ਲਈ ਇੱਕੋ ਅਤੇ ਸਿਰਫ਼ ਇੱਕੋ ਵਿਚੋਲਾ ਯਿਸੂ ਹੈ (1 ਤਿਮੋਥਿਉਸ 2:5)। ਹੋਰ ਕਿਤੇ ਪੌਲੁਸ ਨੇ ਦੱਸਿਆ ਹੈ ਕਿ ਪਿਤਾ ਕੋਲ ਸਾਡੀ ਪਹੁੰਚ ਯਿਸੂ ਦੇ ਰਾਹੀਂ ਹੁੰਦੀ ਹੈ (ਰੋਮੀਆਂ 1:8; 7:25; 16:27; 2 ਕੁਰਿੰਥੀਆਂ 1:20)।

## ਹੋਰ ਅਧਿਐਨ ਲਈ

### *Psallō* ਦਾ ਅਰਥ

ਅਫ਼ਸੀਆਂ 5:19 ਵਿਚ ਪੌਲੁਸ ਨੇ ਭਾਈਆਂ ਨੂੰ ਕਿਹਾ ਕਿ ''ਜ਼ਬੂਰ ਅਤੇ ਭਜਨ ਅਤੇ ਆਤਮਿਕ ਗੀਤ ਗਾ ਕੇ ਇਕ ਦੂਏ ਨਾਲ ਗੱਲਾਂ ਕਰੋ ਅਤੇ ਮਨ ਲਾ ਕੇ ਪ੍ਰਭੂ ਲਈ ਗਾਉਂਦੇ *[adontes]* ਵਜਾਉਂਦੇ *[psallontes]* ਰਿਹਾ ਕਰੋ।''

*Psallō* ਤੋਂ ਭਾਵ ਸੁਰ ਲਾਉਣਾ ਜਾਂ ਗਾਉਣਾ ਹੈ। ਮੰਨੀਆਂ ਪਰਮੰਨੀਆਂ ਲੈਕਸੀਕਨਾਂ ਦੀਆਂ ਕੁਝ ਜਿਲਦਾਂ ਵਿਚ[13] ਭਾਵੇਂ ਇਸ ਸ਼ਬਦ ਦੀ ਪਰਿਭਾਸ਼ਾ ਨਾਲ ਸਾਜ਼ ਨੂੰ ਜੋੜਿਆ ਗਿਆ ਹੈ, ਪਰ ਇਹ ਗਲਤ ਹੈ। ਅਜਿਹੀ ਪਰਿਭਾਸ਼ਾ ਇਸ ਤੱਥ ਨੂੰ ਨਜ਼ਰਅੰਦਾਜ਼ ਕਰਦੀ ਹੈ ਕਿ ਪਵਿੱਤਰ ਲਿਖਤ ਸਾਹਿਤਕ ਯੂਨਾਨੀ ਦੀ ਥਾਂ ਕੋਇਨੀ (''ਆਮ'') ਯੂਨਾਨੀ ਭਾਸ਼ਾ ਵਿਚ ਲਿਖੀ ਗਈ ਸੀ। ਅਫ਼ਸੀਆਂ 5:19 ਵਿਚ *psallō* ਦੇ ਅਰਥ ਦੇ ਰੂਪ ਵਿਚ ''ਸੁਰ ਲਾਉਣਾ ਬੇਹਤਰੀਨ ਸਮਝਿਆ ਜਾਂਦਾ''[14] ਹੈ। 1 ਕੁਰਿੰਥੀਆਂ 14:15 ਅਤੇ ਯਾਕੂਬ 5:13 ਵਿਚ ਇਸ ਸ਼ਬਦ ਦੀ ਬੇਹਤਰੀਨ ਪਰਿਭਾਸ਼ਾ ''ਵਡਿਆਈ ਗਾਉਣਾ'' ਹੈ।

### ਮਸੀਹੀ ਬੰਦਗੀ ਦਾ ਸੰਗੀਤ

ਬੰਦਗੀ ਦੇ ਸੰਗੀਤ ਵਿਚ ਖ਼ੁਦਾ ਕੀ ਚਾਹੁੰਦਾ ਹੈ?

(1) *ਖ਼ੁਦਾ ਚਾਹੁੰਦਾ ਹੈ ਕਿ ਅਸੀਂ ''ਗਾਈਏ।''* ਨਵੇਂ ਨੇਮ ਵਿਚ ਸਾਨੂੰ ''ਗਾਉਣ'' ਜਾਂ ''ਸੁਰ ਲਾਉਣ'' (*psallō;* ਰੋਮੀਆਂ 15:9; 1 ਕੁਰਿੰਥੀਆਂ 14:15; ਯਾਕੂਬ 5:13; ਅਫ਼ਸੀਆਂ 5:19) ਦੀ ਹਦਾਇਤ ਹੈ। ਕੁਝ ਲੋਕ ਦਾਅਵਾ ਕਰਦੇ ਹਨ ਕਿ ਯੂਨਾਨੀ ਨਾਉਂ *psalmos* ਨਾਲ ਸਹਿਯੋਗ ਦੇ ਰੂਪ ਵਿਚ ਸਾਜ਼ ਦੀ ਵਰਤੋਂ ਜ਼ਰੂਰੀ ਹੈ। ਏ. ਟੀ. ਰੌਬਰਟਸਨ ਨੇ ਲਿਖਿਆ ਹੈ, '' 'ਸਾਮ' ਵਿਚ ਮੁੱਖ ਵਿਚਾਰ ਸੰਗੀਤ ਭਰਿਆ ਸਾਥ ਹੈ।''[15] ਪਰ ਸਬੂਤ ਅਜਿਹੇ ਨਿਚੋੜ ਦੀ ਹਮਾਇਤ ਨਹੀਂ ਕਰਦਾ। ਹੋਰ ਟੀਕਾਕਾਰ *psallo* ਦੇ ਅਰਥ ਵਿਚ ਸਾਜ਼ ਨਾਲ ਗਾਉਣ ਦੇ ਵਿਚਾਰ ਨੂੰ ਜੋੜਦੇ ਹਨ। ਪਰ ਮੋਹਰੀ ਵਿਦਵਾਨ ਇਸ ਨਾਲ ਅਸਹਿਮਤ ਹਨ।

*ਦ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ ਥਿਓਲੋਜੀ* ਵਿਚ ''ਜ਼ਬੂਰ''

(*psalm*) ਸ਼ਬਦ ਦੀ ਪਰਿਭਾਸ਼ਾ ਭਜਨ ਜਾਂ ਰੂਹਾਨੀ ਗੀਤ ਦੇਣ ਦੇ ਸੰਕੇਤ ਵਿਚ ਹੁੰਦੀ ਹੈ ਅਤੇ ਇਸ ਪਰਿਭਾਸ਼ਾ ਵਿਚ ਤਾਰਦਾਰ ਸਾਜ਼ ਨਹੀਂ ਬਲਕਿ ''*psalmos,* ਪਵਿੱਤਰ ਗੀਤ, ਜ਼ਬੂਰ; *psallō,* ਗਾਉਣਾ (ਭਜਨ ਜਾਂ ਉਸਤਤ)'' ਹੈ।[16] ਇਸ ਵਿਚ ਹੇਠ ਲਿੱਖੀਆਂ ਗੱਲਾਂ ਵੀ ਹਨ: ''ਵਧੇਰੇ ਆਮ ਅਰਥ ਵਿਚ *psalmos* ਤੋਂ ਭਾਵ ਉਸਤਤ ਦਾ ਭਜਨ, ਅਤੇ *psallō* ਤੋਂ ਭਾਵ ਰੂਹਾਨੀ ਜਾਂ ਪਵਿੱਤਰ ਗੀਤ ਗਾਉਣਾ ਹੈ।''[17]

ਨਵੇਂ ਨੇਮ ਦੇ ਕਈ ਖੰਡਾਂ ਵਾਲਾ ਲਿਖਤੀ ਸ਼ਬਦਕੋਸ਼ ਜ਼ਬੂਰ ਨੂੰ ਭਜਨ ਜਾਂ ਰੂਹਾਨੀ ਗੀਤ ਨਾਲ ਮਿਲਾਉਂਦਾ ਹੈ ਜਿਸ ਕਰਕੇ ਇਸ ਸ਼ਬਦ ਵਿਚ ਸਾਜ਼ ਵਾਲੇ ਸੰਗੀਤ ਦਾ ਵਿਚਾਰ ਨਹੀਂ ਹੈ। ਇਹ ਕਹਿੰਦਾ ਹੈ, ''ਯੂ.–ਯਹੂਦੀਵਾਦ ਦੀ ਗੱਲ ਕਰੀਏ ਤਾਂ ਜ਼ਾਹਿਰ ਤੌਰ ਤੇ ਇਹ *humnos [*hymn ਜਾਂ ਭਜਨ*]* ਅਤੇ *psalmos [*psalm ਜਾਂ ਜ਼ਬੂਰ*]* ਜਾਂ *ōdē [*ਗੀਤ*]* ਵਿਚ ਕੋਈ *[*ਆਮ*]* ਫ਼ਰਕ ਨਹੀਂ ਕਰਦਾ।''[18]

ਇਸ ਤੋਂ ਇਲਾਵਾ ਓ'ਬ੍ਰਾਇਨ ਨੇ ਲਿਖਿਆ ਹੈ:

> ... *psallō* ਦੇ ਮੂਲ ਅਰਥ ਦੇ ਅਧਾਰ ਤੇ ''*[*ਵਾਲ*]* ਤੋੜਨਾ,'' ਤੀਰ ਦੇ ਤਾਰ ਨੂੰ ''ਛੇੜਨਾ,'' ਅਤੇ ਫਿਰ ਸਾਰੰਗੀ ਜਾਂ ਕਿਸੇ ਹੋਰ ਤਾਰ ਵਾਲੇ ਵਾਜੇ ਨੂੰ ''ਛੇੜਨਾ'' ਕਈਆਂ ਨੇ ਸੋਚਿਆ ਹੈ ਕਿ *psalm* ਤੋਂ ਭਾਵ ਲਾਜ਼ਮੀ ਤੌਰ ਤੇ ਤਾਰਦਾਰ ਵਾਜੇ ਨਾਲ ਹੀ ਗਾਉਣਾ ਸੀ; ਪਰ ਇਹ ਰੋਕ ਫ਼ਜ਼ੂਲ ਹੈ। ...[19]

ਮੈਰਵਿਨ ਆਰ. ਵਿੰਨਸੇਂਟ ਨੇ *psallō* ਤੇ ਲੇਖ ਦੇ ਅਧੀਨ ਯੂਨਾਨੀ ਸ਼ਬਦ *psalmos* (''ਜ਼ਬੂਰ'' ਜਾਂ psalms) ਦੇ ਸਬੰਧ ਵਿਚ ਟਿੱਪਣੀ ਕੀਤੀ ਹੈ:

> ਨਾਉਂ ਸ਼ਬਦ *psalm* (ਅਫ਼ਸੀਆਂ 5:19; ਕੁਲੁੱਸੀਆਂ 3:16; 1 ਕੁਰਿੰਥੀਆਂ 14:26) ਜੋ ਕਿ ਵਿਆਕਰਣੀ ਅਰਥ ਵਿਚ ਇਹ ਕਿਰਿਆ ਵਰਗਾ ਹੈ, ਦੀ ਵਰਤੋਂ ਆਮ ਤੌਰ ਤੇ ਨਵੇਂ ਨੇਮ ਵਿਚ ਧਾਰਮਿਕ ਗੀਤ ਲਈ ਕੀਤੀ ਗਈ ਹੈ, ਜਿਸ ਵਿਚ ਪੁਰਾਣੇ ਨੇਮ ਦੇ ਜ਼ਬੂਰ ਵਾਲਾ ਸੁਭਾਅ ਹੈ; ਭਾਵੇਂ ਮੱਤੀ 26:30; ਮਰਕੁਸ 14:26 ਵਿਚ, *humneō* ਜਿੱਥੇ ਸਾਡੇ *hymn* ਨੂੰ ਪੁਰਾਣੇ ਨੇਮ ਦੇ ਜ਼ਬੂਰ ਗਾਉਣ ਲਈ ਵਰਤਿਆ ਗਿਆ ਹੈ। ... ਕਈਆਂ ਦਾ ਮੰਨਣਾ ਹੈ ਕਿ ਇੱਥੇ ਕਿਰਿਆ ਸ਼ਬਦ ਦਾ ਸਾਜ਼ ਨਾਲ ਗਾਉਣ ਦਾ ਬੁਨਿਆਦੀ ਮਹੱਤਵ ਹੈ। ਸਪਤਤੀ ਅਨੁਵਾਦ ਵਿਚ ਇਸ ਦਾ ਪ੍ਰਮੁੱਖ ਅਰਥ ਹੈ। ... ਨਾ ਤਾਂ ਬੇਸਿਲ, ਨਾ ਐਂਬਰੋਸ ਅਤੇ ਨਾ ਕ੍ਰਿਸੋਸਟੋਮ ਨੇ ਸੰਗੀਤ ਵਿਚ ਆਪਣੇ ਗੁਣਗਾਨ ਵਿਚ ਸਾਜ਼ ਵਾਲੇ ਸੰਗੀਤ ਦੀ ਨਕਲ ਕੀਤੀ, ਬੇਸਿਲ ਨੇ ਤਾਂ ਸਾਫ਼ ਤੌਰ ਤੇ ਇਸ ਨੂੰ ਗਲਤ ਠਹਿਰਾਇਆ। ਬਿੰਗਮ ਨੇ ਸੰਖੇਪ ਵਿਚ ਇਸ ਗੱਲ ਦਾ ਖੰਡਨ ਕੀਤਾ ਅਤੇ ਜਸਟਿਨ ਮਾਰਟਿਰ ਨੂੰ ਸਾਫ਼ ਕਹਿੰਦਿਆਂ ਹੋਇਆਂ ਵਿਖਾਇਆ ਕਿ ਮਸੀਹੀ ਕਲੀਸੀਆ ਵਿਚ ਸਾਜ਼ਦਾਰ ਸੰਗੀਤ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇੱਥੇ ਇਸ ਕਿਰਿਆ ਦੀ ਵਰਤੋਂ ਵਡਿਆਈ ਗਾਉਣ ਦੇ ਆਮ ਅਰਥ ਵਿਚ ਹੋਈ ਹੈ।[20]

ਇਸ ਦਾ ਮਤਲਬ ਇਹ ਹੋਇਆ ਕਿ ਵਿੰਸੇਂਟ ਦੇ ਅਨੁਸਾਰ ਮੁੱਢਲੀ ਕਲੀਸੀਆ ਸਾਜ਼ਾਂ ਦੇ ਬਗੈਰ ਗਾਉਂਦੀ ਸੀ। ਉਸ ਦੇ ਵਿਚਾਰ ਵਿਚ ਗੀਤ ਗਾਉਣਾ ਸਾਜ਼ ਨਾਲ ਗਾਉਣ ਦਾ ਸੰਕੇਤ ਨਹੀਂ ਹੈ।

ਪੁਰਾਣੇ ਨੇਮ ਦੀ ਬੰਦਗੀ ਵਿਚ ਭਾਵੇਂ ਸੰਗੀਤ ਦੇ ਵੱਖੋ ਵੱਖ ਸਾਜ਼ਾਂ ਦੀ ਵਰਤੋਂ ਕੀਤੀ ਜਾਂਦੀ ਸੀ, ਪਰ ਕਲੀਸੀਆ ਦੇ ਮੁੱਢ ਤੋਂ ਹੀ ਮਸੀਹੀ ਲੋਕ ਕੈਪੇਲਾ ਭਾਵ ਬਿਨਾਂ ਸਾਜ਼ਾਂ ਦੀ ਮਦਦ ਦੇ ਗਾਉਂਦੇ ਸਨ।

> ਇਹ ਸੋਲ੍ਹਵੀਂ ਸਦੀ ਤਕ ਅਤੇ ਉਸ ਦੇ ਗਾਉਣ ਦੀ ਗੱਲ ਹੈ ਜਦ ਸੰਗੀਤ ਬਿਨਾਂ ਸਾਜ਼ ਵਾਲੀਆਂ ਅਵਾਜ਼ਾਂ ਲਈ ਸਿੱਖਿਆ ਜਾਂਦਾ ਸੀ। ... ਇਸ ਕਰਕੇ ਆਮ ਤੌਰ ਤੇ ਕੁਆਇਰ ਦੇ ਸੰਗੀਤ ਦੀ

ਵਰਤੋਂ ''ਬਿਨਾਂ ਸਾਜ਼ ਦੇ'' ਦੇ ਬਦਲਵੇਂ ਸ਼ਬਦ ਦੇ ਰੂਪ ਵਿਚ ਕੀਤੀ ਜਾਂਦੀ ਹੈ।[21]

ਮਸੀਹੀ ਲੋਕ ਆਪਣੀ ਬੰਦਗੀ ਵਿਚ ਘੱਟੋ ਘੱਟ ਮੁੱਢਲੇ ਛੇ ਸੌ ਸਾਲਾਂ ਤਕ ਸਿਰਫ਼ ਗਾਉਂਦੇ ਸਨ, ਜਿਸ ਦੇ ਬਾਅਦ ਰੋਮਨ ਕੈਥੋਲਿਕ ਚਰਚ ਆਪਣੇ ਲੋ-ਮਾਸਾਂ ਵਿਚ ਗਾਉਣ ਨਾਲ ਸਾਜ਼ਾਂ ਨੂੰ ਲਿਆਉਣ ਲੱਗਾ। ਈਸਟਰਨ ਆਰਥੋਡੌਕਸ ਚਰਚ (ਰੂਸੀ, ਯੂਨਾਨੀ, ਯੂਕ੍ਰੇਨੀ) ਹਾਲ ਦੇ ਸਾਲਾਂ ਤਕ ਸਾਜ਼ਾਂ ਦੀ ਵਰਤੋਂ ਕਰਨ ਤੋਂ ਬਚਦੇ ਰਹੇ ਹਨ। ਪ੍ਰੋਟੈਸਟੈਂਟ ਲਹਿਰ ਦੀਆਂ ਕਈ ਕਲੀਸੀਆਵਾਂ ਵਿਚ ਜਿਨ੍ਹਾਂ ਦੀ ਸ਼ੁਰੂਆਤ ਮਾਰਟਿਨ ਲੂਥਰ ਨਾਲ ਹੋਈ, ਆਪਣੇ ਵਜੂਦ ਦੇ ਮੁੱਢਲੇ ਦੋ ਸੌ ਸਾਲਾਂ ਤਕ ਕੈਪੇਲਾ ਹੀ ਗਾਉਂਦੀਆਂ ਸਨ। ਪ੍ਰੋਟੈਸਟੈਂਟ ਕਲੀਸੀਆਂ ਵਿਚ, ਖ਼ਾਸਕਰ ਪ੍ਰੈਸਬਿਟੇਰੀਅਨ ਚਰਚ ਵਿਚ ਗਾਉਣ ਦੇ ਸਾਜ਼ਾਂ ਨੂੰ ਬਿਨਾਂ ਵਿਰੋਧ ਦੇ ਨਹੀਂ ਲਿਆਂਦਾ ਗਿਆ।[22] 19ਵੀਂ ਸਦੀ ਦੇ ਦੂਜੇ ਅੱਧ ਵਿਚ ਸਾਜ਼ਾਂ ਨੂੰ ਲਿਆਉਣ ਨਾਲ ਬਹੁਤ ਸਾਰੀਆਂ ਮੰਡਲੀਆਂ ਮੁੜ ਬਹਾਲੀ ਦੀ ਲਹਿਰ ਵਿਚ ਵੰਡੀਆਂ ਗਈਆਂ।

ਵਾਲਟਰ ਬਾਉਰ ਨੇ ਪਰਿਚੈ ਦਿੱਤਾ ਹੈ ਜੋ ਗ੍ਰੀਕ-ਇੰਗਲਿਸ਼ ਲੈਕਸੀਕਨ ਦੀਆਂ 1979 ਅਤੇ 2000 ਵਾਲੀਆਂ ਜਿਲਦਾਂ ਵਿਚ ਮਿਲਦਾ ਹੈ। ਇਸ ਵਿਚ ਸਮਝ ਆਉਂਦਾ ਹੈ ਕਿ LXX ਵਾਲੀ ਯੂਨਾਨੀ ਭਾਸ਼ਾ ਨਵੇਂ ਨੇਮ ਵਾਲੀ ਯੂਨਾਨੀ ਭਾਸ਼ਾ ਨਾਲੋਂ ਫ਼ਰਕ ਹੈ:

> ਪ੍ਰਾਚੀਨਤਮ ਮਸੀਹੀ ਸਾਹਿਤ, ਜੋ ਉਨ੍ਹਾਂ ਕਈ ਲਿਖਤਾਂ ਨਾਲ ਬਣਿਆ ਹੈ, ਜਿਹੜੀਆਂ ਯੂਨਾਨੀ ਭਾਸ਼ਾ ਵਿਚ ਹਨ, ਦੀ ਗੱਲ ਇਹ ਕਿਤਾਬ ਕਰਦੀ ਹੈ। ਇਹ ਬਹੁਤੇ ਪੁਰਾਣੇ ਸਮਿਆਂ ਵਾਲੀ ਯੂਨਾਨੀ ਨਹੀਂ ਹੈ, ਅਥੇਨੀਆਂ ਦੇ ਘੱਟੋ ਘੱਟ ਸੁਨਹਿਰੀ ਯੁੱਗ ਦੀ ਤਾਂ ਨਹੀਂ,[23] ਜਿਸ ਨੂੰ ਹੁਣ ਉੱਚ ਸਿਖਲਾਈ ਸੰਸਥਾਨਾਂ ਵਿਚ ਪੜ੍ਹਾਇਆ ਜਾਂਦਾ ਹੈ ਅਤੇ ਉਨ੍ਹਾਂ ਵਿਚ ਵਰਤੇ ਜਾਣ ਵਾਲੇ ਸ਼ਬਦਕੋਸ਼ਾਂ ਵਿਚ ਉਸ ਨੂੰ ਬੇਹੱਦ ਅਹਿਮ ਥਾਂ ਦਿੱਤੀ ਜਾਂਦੀ ਹੈ। ਇਸ ਦੇ ਉਲਟ ਤੁਲਨਾ ਕਰਨ ਤੇ ਪਤਾ ਲਗਦਾ ਹੈ ਕਿ ਸੁਰ-ਵਿਗਿਆਨ ਅਤੇ ਸ਼ਬਦ ਸੰਰਚਨਾ-ਸ਼ਾਸਤਰ ਵਿਚ, ਵਾਕ-ਵਿਗਿਆਨ ਅਤੇ ਸ਼ੈਲੀ ਵਿਚ ਫ਼ਰਕ ਹੈ, ਨਾ ਕਿ ਉਨ੍ਹਾਂ ਵਿੱਚੋਂ ਛੋਟੇ ਤੋਂ ਛੋਟੇ ਸ਼ਬਦ ਭੰਡਾਰ ਵਿਚ।[24]
>
> ਨਵੇਂ ਬਣੇ ਸ਼ਬਦਾਂ ਦੇ ਤੌਰ ਤੇ ਵੀ ਅਹਿਮ ਤੱਥ ਇਹ ਹੈ ਕਿ ਸਾਡੇ ਸਾਹਿਤ ਵਿਚ ਕਈ ਵਾਰ LXX ਦੀ ਨਕਲ ਹੁੰਦੀ ਹੈ, ਕਈ ਵਾਰ ਇਸ ਨਾਲੋਂ ਫ਼ਰਕ ਹੁੰਦਾ ਹੈ, ਕਈ ਪੁਰਾਣੇ ਸ਼ਬਦਾਂ ਦੀ ਜਿਨ੍ਹਾਂ ਵਿਚ ਨਵੇਂ ਅਰਥਾਂ ਵਾਲੇ ਆਮ ਯੂਨਾਨੀ ਸ਼ਬਦ ਹੁੰਦੇ ਹਨ, ਵਰਤੋਂ ਕੀਤੀ ਜਾਂਦੀ ਹੈ।...[25]

ਇਹਦਾ ਮਤਲਬ ਇਹ ਹੋਇਆ ਕਿ ਜ਼ਰੂਰੀ ਨਹੀਂ ਕਿ ਨਵੇਂ ਨੇਮ ਦੇ ਸ਼ਬਦਾਂ ਦਾ ਅਰਥ LXX ਦੇ ਸ਼ਬਦਾਂ ਦੇ ਅਰਥ ਵਾਲਾ ਹੀ ਹੋਵੇ। ਇਸ ਕਰਕੇ LXX ਵਿਚ *psallō* ਦਾ ਅਰਥ ਜੋ ਕਿ ਸਿਰਫ਼ ''ਗਾਉਣਾ'' ਜਾਂ ''ਸਾਜ਼ ਨਾਲ ਗਾਉਣਾ'' ਹੋਵੇਗਾ, *psallō* ਦੇ ਕੋਇਨੀ (''ਆਮ'') ਅਰਥ ਨੂੰ ਵਿਖਾ ਵੀ ਸਕਦਾ ਹੈ ਅਤੇ ਨਹੀਂ ਵੀ।

ਕਈਆਂ ਨੇ *psalmos* ਦਾ ਅਰਥ ਨਵੇਂ ਨੇਮ ਦੇ ਸਮਿਆਂ ਵਿਚ ਸਾਜ਼ ਨਾਲ ਗਾਉਣ ਲਈ ਸਾਬਤ ਕਰਨ ਲਈ ਥੇਅਰ ਪੁਰਾਣੀ *ਗ੍ਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ* ਦਾ ਹਵਾਲਾ ਦਿੱਤਾ ਹੈ। ਥੇਅਰ ਨੇ ਲਿਖਿਆ ਹੈ:

> *Psalmos* ਦਾ ਪ੍ਰਮੁੱਖ ਵਿਚਾਰ ਭਾਵੇਂ ਸੰਗੀਤਮਈ ਸਾਥ ਹੈ ਅਤੇ *humnos* ਖ਼ੁਦਾ ਦੀ ਉਸਤਤ ਦਾ *ōdē* ਗਾਉਣ ਲਈ ਆਮ ਸ਼ਬਦ ਹੈ। ਉਸਤਤ ਲਈ ਹੋਵੇ ਜਾਂ ਕਿਸੇ ਹੋਰ ਵਿਸ਼ੇ ਲਈ ਸਾਜ਼ ਦੇ ਬਗੈਰ ਜਾਂ ਸਾਜ਼ ਨਾਲ ਹੋ ਸਕਦਾ ਹੈ। ਇਸੇ ਕਰਕੇ ਓਸੇ ਗੀਤ ਲਈ ਇੱਕੋ ਹੀ ਸਮੇਂ *psalmos, hummos* ਅਤੇ *ōdē* ਹੋਣਾ ਬਿਲਕੁਲ ਸੰਭਵ ਸੀ।[26]

ਥੇਅਰ ਦੀ ਲੈਕਸੀਕਨ ਦੇ ਪਰਿਚੈ ਵਿਚ ਇਹ ਦੱਸਿਆ ਗਿਆ ਹੈ ਕਿ ਦੱਸੇ ਗਏ ਸਮਾਨ ਅਰਥੀ ਸ਼ਬਦ ਲੈਕਸੀਕਨ ਦੇ ਮੁੱਖ ਭਾਗ ਦੀਆਂ ਪਰਿਭਾਸ਼ਾਵਾਂ ਵਿਚ ਦਿੱਤੇ ਅਰਥਾਂ ਨੂੰ ਨਹੀਂ ਬਦਲ ਦੇਣਾ ਹੈ:

> ਫਿਰ ਸਮਾਨ ਅਰਥੀ ਸ਼ਬਦਾਂ ਚਰਚਾ ਵਿਚ ਸਾਹਿਤਕ ਵਰਤੋਂ ਵਿਚ ਹਵਾਲੇ ਦਾ ਬਾਰ–ਬਾਰ ਆਉਣਾ (ਜਿਵੇਂ ਕਿ ਸਮਿਥ ਨੇ ਕਈ ਜਿਲਦਾਂ ਵਾਲੀ ਆਪਣੀ ਕਿਤਾਬ ਵਿਚ ਕੀਤਾ ਹੈ) ਨੂੰ ਕਈ ਲੇਖਾਂ ਵਿਚ ਦੱਸੀਆਂ ਗਈਆਂ ਪਰਿਭਾਸ਼ਾਵਾਂ ਵਿਚ ਸੁਧਾਰ ਲਿਆਉਣ ਲਈ ਮੰਨਣਾ ਜ਼ਰੂਰੀ ਨਹੀਂ ਹੈ। ਇਸ ਦੇ ਉਲਟ ਸਾਹਿਤਕ ਵਰਤੋਂ ਆਮ ਤੌਰ ਤੇ ਸਿਰਫ਼ ਤੁਲਣਾ ਦੇ ਮਾਨਕ ਦੇ ਰੂਪ ਵਿਚ ਹੁੰਦੀ ਹੈ, ਜਿਸ ਨਾਲ ਕਿਸੇ ਸ਼ਬਦ ਦੀ ਦਿਸ਼ਾ ਅਤੇ ਦਰਜੇ ਦੇ ਅਰਥ ਵਿਚ ਬਦਲਾਅ ਨੂੰ ਨਾਪਿਆ ਜਾਵੇ।[27]

*Psallō* ਦੀ ਪਰਿਭਾਸ਼ਾ ਦਿੰਦੇ ਲੇਖ ਥੇਅਰ ਨੇ *psallō* ਦੇ ਵਿਆਕਰਣੀ ਵਿਕਾਸ ਬਾਰੇ ਦੱਸਣ ਦੇ ਬਾਅਦ ਕਿਹਾ ਗਿਆ ਕਿ ਨਵੇਂ ਨੇਮ ਵਿਚ ਇਸ ਦਾ ਅਰਥ *''ਭਜਨ ਗਾਉਣਾ, ਗਾ ਕੇ ਖ਼ੁਦਾ ਦੀ ਵਡਿਆਈ ਨੂੰ ਮਨਾਉਣਾ''* ਹੈ।[28] *Psalmos* ਨਾਲ ਸਬੰਧਿਤ ਪਰਿਭਾਸ਼ਾ ਵਿਚ ਵੀ ਇਹੀ ਢੰਗ ਵਰਤਿਆ ਗਿਆ ਹੈ। ਵਿਆਕਰਣ ਦੇ ਬਾਅਦ ਨਵੇਂ ਨੇਮ ਦੀ ਪਰਿਭਾਸ਼ਾ ਦਿੱਤੀ ਗਈ ਹੈ: ''ਅਜਿਹਾ *ਧਾਰਮਿਕ ਗੀਤ, ਭਜਨ*।''[29]

ਪੁਰਾਤੱਤਵੀ ਅਧਿਐਨਾ ਕਰਕੇ ਉੱਨ੍ਹੀਵੀਂ ਸਦੀ ਦੇ ਅਖ਼ੀਰ ਤਕ ਵਿਦਵਾਨਾਂ ਨੂੰ ਨਵੇਂ ਨੇਮ ਦੀ ਕੋਇਨੀ ਯੂਨਾਨੀ ਬੇਹਤਰ ਸਮਝ ਆਉਣ ਲੱਗ ਪਈ। ਇਸ ਸਮੇਂ ਤੋਂ ਪਹਿਲਾਂ ਕੁਝ ਵਿਦਵਾਨ ਜਿਨ੍ਹਾਂ ਨੂੰ ਇਹ ਸਮਝ ਸੀ ਕਿ ਨਵੇਂ ਨੇਮ ਦੀ ਯੂਨਾਨੀ ਪੁਰਾਣੀ ਸਾਹਿਤਕ ਯੂਨਾਨੀ ਨਾਲੋਂ ਅੱਡ ਹੈ, ਉਨ੍ਹਾਂ ਨੂੰ ਲਗਦਾ ਸੀ ਕਿ ਇਹ ਇਬਰਾਨੀ ਭਾਸ਼ਾ ਦੇ ਪ੍ਰਭਾਵ ਕਰਕੇ ਸੀ। ਹੋਰਨਾਂ ਨੂੰ ਲਗਦਾ ਸੀ ਕਿ ਇਹ ਆਪਣੇ ਆਪ ਵਿਚ ਇਕ ਖ਼ਾਸ ਭਾਸ਼ਾ, ਯੂਨਾਨੀ ਦਾ ਨਿਰੋਲ ਅਤੇ ਵਿਲੱਖਣ ਤੌਰ ਤੇ, ਜਿਸ ਦੀ ਪ੍ਰੇਰਣਾ ਪਵਿੱਤਰ ਆਤਮਾ ਵੱਲੋਂ ਦਿੱਤੀ ਗਈ ਸੀ। ਰੋਜ਼ਮੱਰਾ ਦੇ ਦਸਤਾਵੇਜ਼ਾਂ ਦੀ ਖੋਜ ਨਾਲ ਵਿਦਵਾਨਾਂ ਨੂੰ ਇਹ ਸਮਝ ਆਉਣ ਲੱਗ ਪਿਆ ਕਿ ਨਵੇਂ ਨੇਮ ਵਿਚ ਆਮ ਲੋਕਾਂ ਦੀ ਯੂਨਾਨੀ ਭਾਸ਼ਾ ਦੀ ਵਰਤੋਂ ਕੀਤੀ ਗਈ। ਇਨ੍ਹਾਂ ਦਸਤਾਵੇਜ਼ਾਂ ਨੇ ਸ਼ਬਦਕੋਸ਼ ਲਿਖਣ ਵਾਲਿਆਂ ਨੂੰ ਕੋਇਨੀ ਜਾਂ ''ਸਧਾਰਣ'' ਵੱਲ ਸਹੀ ਢੰਗ ਨਾਲ ਪਰਿਭਾਸ਼ਾ ਦੇਣ, ਵਰਤੋਂ ਅਤੇ ਨਵੇਂ ਨੇਮ ਦੇ ਸ਼ਬਦਾਂ ਦੀਆਂ ਗਲਤ ਪਰਿਭਾਸ਼ਾਵਾਂ ਲਾਗੂ ਕਰਨ ਤੋਂ ਬਚਣ ਵਿਚ ਮਦਦ ਕੀਤੀ।

(2) *ਖ਼ੁਦਾ ਚਾਹੁੰਦਾ ਹੈ ਕਿ ਅਸੀਂ ਉਸ ਦੇ ਇਖ਼ਤਿਆਰ ਨਾਲ ਗਾਈਏ।* ਖ਼ੁਦਾ ਦੇ ਸਾਰੇ ਮੁਕਾਸ਼ਫ਼ੇ ਵਾਂਗ ਗਾਉਣ ਵਾਲੇ ਸਾਡੇ ਉਸ ਦੀ ਪਸੰਦ ਸੀਮਤ ਹੈ। ਜਿੱਥੇਂ ਉਸ ਨੇ ਕੋਈ ਪਾਬੰਦੀ ਨਹੀਂ ਲਾਈ ਉੱਥੇ ਬੰਦਗੀ ਕਰਨ ਵਾਲੇ ਆਪਣੇ ਅੰਤਹਕਰਣ ਦੇ ਅਨੁਸਾਰ ਕਰ ਸਕਦੇ ਹਨ। ਇਸ ਨਿਯਮ ਦੀ ਵੱਡੀ ਮਿਸਾਲ ਬੇੜੇ ਦਾ ਬਣਾਉਣਾ ਹੈ (ਉਤਪਤ 6: 14–16)। ਨੂਹ ਨੂੰ ਆਪਣੀ ਪਸੰਦ ਦੇ ਔਜ਼ਾਰ ਵਰਤਣ ਦੀ ਛੁੱਟ ਸੀ, ਪਰ ਉਨ੍ਹਾਂ ਦੀ ਵਰਤੋਂ ਲਈ ਖ਼ੁਦਾ ਵੱਲੋਂ ਦੱਸੀ ਸਮੱਗਰੀ ਤਕ ਸੀਮਤ ਸੀ। ਵਾਧੂ ਖਿੜਕੀ ਜਾਂ ਦਰਵਾਜ਼ਾ ਲਾਉਣ ਨਾਲ ਖ਼ੁਦਾ ਦੀ ਇੱਛਿਆ ਦਾ ਉਲੰਘਣ ਹੋ ਜਾਣਾ ਸੀ।

ਇਹੀ ਨਿਯਮ ਖ਼ੁਦਾ ਦੀ ਬੰਦਗੀ ਵਿਚ ਲਾਗੂ ਹੋਵੇਗਾ। ਯਿਸੂ ਨੇ ਅਖ਼ਮੀਰੀ ਰੋਟੀ ਅਤੇ ਦਾਖ ਦੇ ਰਸ ਨੂੰ ਚੁਣਿਆ। ਰੋਟੀ ਅਤੇ ਦਾਖ ਦਾ ਰਸ ਹੀ ਉਹ ਭੋਜਨ ਹੈ ਜਿਸ ਨੂੰ ਪ੍ਰਭੂ ਦੀ ਮੇਜ਼ ਵਿਚ ਦਿੱਤਾ ਜਾਣਾ ਚਾਹੀਦਾ ਹੈ। ਪਿਆਲਾ ਦਾਖ਼ ਦਾ ਰਸ ਦੇਣ ਲਈ ਜ਼ਰੂਰੀ ਹੈ। ਖ਼ੁਦਾ ਨੇ ਇਹ ਨਹੀਂ ਦੱਸਿਆ ਕਿ ਪਿਆਲਾ ਕਿਸ ਚੀਜ਼ ਦਾ ਬਣਿਆ ਹੋਵੇ, ਇਸ ਕਰਕੇ ਮਸੀਹੀ ਲੋਕ ਕਿਸੇ ਵੀ ਤਰ੍ਹਾਂ ਦਾ ਪਿਆਲਾ ਚੁਣ ਸਕਦੇ ਹਨ, ਭਾਵੇਂ ਉਹ ਸ਼ੀਸ਼ੇ ਦਾ ਹੋਵੇ, ਪਲਾਸਟਿਕ ਦਾ, ਧਾਤ ਦਾ ਜਾਂ ਮਿੱਟੀ ਦਾ ਬਣਿਆ।

ਜੇ ਖ਼ੁਦਾ ਕੋਈ ਪਸੰਦ ਦੇ ਦਿੰਦਾ ਹੈ ਤਾਂ ਇਹ ਖ਼ਾਸ ਹੁੰਦੀ ਹੈ। ਇਸ ਵਿਚ ਜੋੜਨਾ, ਕੱਢਣਾ ਜਾਂ ਇਸ ਦੀ ਥਾਂ ਕੁਝ ਹੋਰ ਲਾਉਣਾ ਉਸ ਦੀ ਇੱਛਿਆ ਦਾ ਉਲੰਘਣ ਹੈ। ਖ਼ੁਦਾ ਵੱਲੋਂ ਆਪਣੀ ਪਸੰਦ

ਦੱਸ ਦੇਣ ਤੇ ਉਸ ਨੂੰ ਪਾਬੰਦੀਆਂ ਨੂੰ ਵਿਸਤਾਰ ਨਾਲ ਸਮਝਾਉਣ ਦੀ ਲੋੜ ਨਹੀਂ ਹੈ, ਕਿਉਂ ਜੋ ਅਜਿਹਾ ਕਰਨ ਦਾ ਮਤਲਬ ਇਹ ਹੋਵੇਗਾ ਕਿ ਹਰ ਤਰ੍ਹਾਂ ਨਾਲ ਭਟਕਣਾ। ਜੇ ਕੋਈ ਖ਼ੁਦਾ ਨੇ ਪਾਬੰਦੀ ਨਹੀਂ ਲਾਈ ਹੈ ਤਾਂ ਉਹਦੇ ਚੇਲਿਆਂ ਨੂੰ ਜੋ ਉਹ ਚਾਹੁਣ ਬੰਦਗੀ ਵਿਚ ਕਰਨ ਦੀ ਖੁੱਲ੍ਹ ਹੈ। ਖ਼ੁਦਾ ਨੇ ਆਪਣੀ ਪਸੰਦ ਦੱਸ ਦਿੱਤੀ ਹੈ ਕਿ ਸਾਨੂੰ ਬੰਦਗੀ ਵਿਚ ਕੀ ਕਰਨਾ ਚਾਹੀਦਾ ਹੈ, ਇਸ ਕਰਕੇ ਉਸ ਪਸੰਦ ਵਿਚ ਕੁਝ ਵੀ ਜੋੜਿਆ ਨਹੀਂ ਜਾ ਸਕਦਾ। ਇਹੀ ਗੱਲ ਗਾਉਣ, ਦੁਆ ਕਰਨ, ਚੰਦਾ ਦੇਣ ਜਾਂ ਕਿਸੇ ਵੀ ਹੋਰ ਗਤੀਵਿਧੀ ਉੱਤੇ ਲਾਗੂ ਹੁੰਦੀ ਹੈ। ਜਦ ਖ਼ੁਦਾ ਨੇ ਕੋਈ ਹਦਾਇਤ ਦਿੱਤੀ ਹੋਵੇ, ਤਾਂ ਉਸ ਵਿਚ ਜੋੜਨਾ ਜਾਂ ਉਸ ਵਿੱਚੋਂ ਕੱਢਣਾ ਉਸ ਦੀ ਇੱਛਿਆ ਦਾ ਉਲੰਘਣ ਹੁੰਦਾ ਹੈ।

ਡ੍ਰਾਈਵਰ ਨੂੰ ਹਦਾਇਤ ਦਿੰਦਿਆਂ ਇਹ ਮੁਸਾਫ਼ਿਰ ਕਿਸੇ ਸ਼ਹਿਰ ਦਾ ਖ਼ਾਸ ਪਤਾ ਦੱਸਦਾ ਹੈ। ਉਹ ਹੋਰ ਸਭ ਸੰਭਾਵਨਾਵਾਂ ਨੂੰ ਨਕਾਰਣ ਦੀ ਕੋਸ਼ਿਸ਼ ਨਹੀਂ ਕਰਦਾ। ਹਦਾਇਤਾਂ ਵਿਚ ਆਮ ਤੌਰ ਤੇ ਦੱਸਿਆ ਗਿਆ ਹੁੰਦਾ ਹੈ ਕਿ ਕਿਨ੍ਹਾਂ ਕਿਨ੍ਹਾਂ ਸੜਕਾਂ ਥਾਣੀ ਜਾਣਾ ਹੈ, ਅਤੇ ਜਿਨ੍ਹਾਂ ਥਾਣੀ ਨਹੀਂ ਜਾਣਾ ਹੁੰਦਾ ਉਨ੍ਹਾਂ ਦਾ ਜ਼ਿਕਰ ਨਹੀਂ ਹੁੰਦਾ। ਇਸ ਤੱਥ ਦਾ ਕਿ ਕਿਸੇ ਸੜਕ ਦਾ ਜ਼ਿਕਰ ਨਹੀਂ ਹੁੰਦਾ, ਮਤਲਬ ਇਹ ਨਹੀਂ ਹੈ ਕਿ ਇਹ ਰਸਤਾ ਮੰਜ਼ਿਲ ਵੱਲ ਨਹੀਂ ਜਾਂਦਾ। ਖ਼ੁਦਾ ਨੇ ਆਪਣੀ ਸਿੱਖਿਆ ਵਿਚ ਇਹੀ ਕੀਤਾ ਹੈ। ਸਾਨੂੰ ਇਹ ਦੱਸ ਕੇ ਕਿ ਅਸੀਂ ਕੀ ਕਰਨਾ ਹੈ, ਉਸ ਨੇ ਹੋਰ ਹਰ ਚੀਜ਼ ਨੂੰ ਕੱਢ ਦਿੱਤਾ ਹੈ। ਉਹਨੂੰ ਸਾਨੂੰ ਹਰ ਉਹ ਗੱਲ ਦੱਸਣ ਦੀ ਲੋੜ ਨਹੀਂ ਸੀ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ।

(3) *ਖ਼ੁਦਾ ਚਾਹੁੰਦਾ ਹੈ ਕਿ ਅਸੀਂ ਸਹੀ ਵਿਹਾਰ ਨਾਲ ਗਾਈਏ।* ਮਸੀਹੀ ਲੋਕਾਂ ਨੂੰ ਖ਼ਬਰਦਾਰ ਰਹਿਣ ਦੀ ਲੋੜ ਹੈ, ਕਿ ਜੋ ਕੁਝ ਖ਼ੁਦਾ ਨੇ ਸਾਨੂੰ ਦੱਸਿਆ ਹੈ ਬੰਦਗੀ ਵਿਚ ਓਸੇ ਦੀ ਵਰਤੋਂ ਕਰੀਏ। ਜਿਹੜੇ ਲੋਕ ਉਸ ਤੋਂ ਵੱਧ ਜਾਂ ਘੱਟ ਕਰਦੇ ਹਨ ਉਹ ਖ਼ੁਦਾ ਦੀ ਪਸੰਦ ਦਾ ਉਲੰਘਣ ਕਰਦੇ ਹਨ। ਪਰ ਢੰਗ ਸਹੀ ਹੋਣ ਦਾ ਮਤਲਬ ਜ਼ਰੂਰੀ ਨਹੀਂ ਕਿ ਸਾਰ ਵਿਚ ਬੰਦਗੀ ਸਹੀ ਹੈ। ਸ਼ਬਦਾਂ ਨੂੰ ਗਾਉਣਾ ਹੀ ਕਾਫ਼ੀ ਨਹੀਂ ਹੈ, ਸਾਨੂੰ ਰੂਹ ਵਿਚ ਸ਼ਾਮਿਲ ਹੋਣਾ ਜ਼ਰੂਰੀ ਹੈ। ਸਾਡੀ ਬੰਦਗੀ ਰੂਹ ਅਤੇ ਸਚਿਆਈ ਨਾਲ ਹੋਣੀ ਜ਼ਰੂਰੀ ਹੈ (ਯੂਹੰਨਾ 4:23, 24)। ਖ਼ੁਦਾ ਉਨ੍ਹਾਂ ਲੋਕਾਂ ਦੀ ਬੰਦਗੀ ਨੂੰ ਕਬੂਲ ਕਰਦਾ ਹੈ ਜਿਹੜੇ ਉਸ ਵਸੀਲੇ ਦੇ ਰਾਹੀਂ ਜਿਸ ਨੂੰ ਉਸ ਨੇ ਚੁਣਿਆ ਹੈ, ਉਹਦੇ ਕੋਲ ਆਕੇ ਆਪਣੇ ਮਨਾਂ ਨੂੰ ਉਹਦੇ ਅੱਗੇ ਡੋਲ੍ਹ ਦਿੰਦੇ ਹਨ। ''ਆਤਮਾ ਨਾਲ'' ਅਤੇ ''ਆਪੋ ਆਪਣੇ ਮਨ ਵਿਚ ਖੁਦਾ ਅੱਗੇ'' ਇੱਥੋਂ ਹੀ ਵਿਚਾਰ ਨੂੰ ਵਿਖਾਉਂਦਾ ਹੈ। ਜ਼ਬਾਨੀ ਗੱਲਬਾਤ ਵਿਚ ਮਨ ਦਾ ਸ਼ਾਮਿਲ ਹੋਣਾ ਜ਼ਰੂਰੀ ਹੈ; ਇਹ ਉਹ ਸਾਜ਼ ਹੈ ਜਿਹਨੂੰ ਗਾਉਣ ਨਾਲ-ਨਾਲ ਵਜਾਉਣਾ ਜ਼ਰੂਰੀ ਹੈ।

ਬੰਦਗੀ ਤਦੇ ਹੁੰਦੀ ਹੈ ਜਦੋਂ ਵਡਿਆਈ ਅਤੇ ਉਸਤਤ ਨਾਲ ਭਰੇ ਬੁੱਲ੍ਹ (ਇਬਰਾਨੀਆਂ 13:15), ਸ਼ੁਕਰਗੁਜ਼ਾਰ ਮਨਾਂ ਨਾਲ ਸ਼ੁਕਰਗੁਜ਼ਾਰੀ ਅਤੇ ਤਾਰੀਫ਼ ਕਰਦਿਆਂ ਖ਼ੁਦਾ ਕੋਲ ਜਾਂਦੇ ਹਨ। ਮਸੀਹੀ ਬੰਦਗੀ ਵਿਚ ਉਨ੍ਹਾਂ ਜ਼ਬੂਰਾਂ ਅਤੇ ਭਜਨਾਂ ਦਾ ਹੋਣਾ ਜ਼ਰੂਰੀ ਹੈ ਜਿਨ੍ਹਾਂ ਵਿਚ ਪ੍ਰਭੂ ਦੀ ਉਸਤਤ ਅਤੇ ਸ਼ੁਕਰਗੁਜ਼ਾਰੀ ਦੇ ਸ਼ਬਦਾਂ ਦੇ ਨਾਲ-ਨਾਲ ਉਹ ਗੀਤ ਹੋਣ ਜਿਹੜੇ ਸਾਨੂੰ ਸਿਖਾਉਂਦੇ ਅਤੇ ਚਿਤਾਰਦੇ ਹੋਣ।

## ਪ੍ਰਾਸੰਗਿਕਤਾ

**ਸ਼ੁਕਰਗੁਜ਼ਾਰੀ ਵਾਲੀ ਜ਼ਿੰਦਗੀ ਜੀਉਣਾ (3:15-17)**

ਜੋ ਕੁਝ ਖ਼ੁਦਾ ਨੇ ਸਾਡੇ ਵਾਸਤੇ ਕੀਤਾ ਹੈ ਉਸ ਨੂੰ ਧਿਆਨ ਵਿਚ ਰੱਖਦਿਆਂ ਸਾਨੂੰ ਸ਼ੁਕਰਗੁਜ਼ਾਰੀ ਦੇ ਹਜ਼ਾਰਾਂ ਕਾਰਣ ਮਿਲ ਜਾਣਗੇ (ਆਇਤਾਂ 15, 17)। ਮਸੀਹ ਦੀ ਤਿਆਰੀ ਦਾ ਅੰਗ ਬਣਨਾ ਆਨੰਦ ਕਰਨ ਅਤੇ ਸ਼ੁਕਰਗੁਜ਼ਾਰੀ ਦਾ ਕਾਰਣ ਹੋਣਾ ਚਾਹੀਦਾ ਹੈ। ਜ਼ਿੰਦਗੀ ਦੀਆਂ ਨਕਾਰਾਤਮਕ ਗੱਲਾਂ ਉੱਤੇ ਧਿਆਨ ਦਿੰਦੇ ਰਹਿਣ ਨਾਲ ਸਾਡੇ ਅੰਦਰ ਖ਼ੁਦਾ ਦੀ ਸ਼ੁਕਰਗੁਜ਼ਾਰੀ ਕਰਨ ਦੀ ਭਾਵਨਾ ਨਹੀਂ ਆ ਸਕਦੀ। ਸਾਨੂੰ ਦੂਜਿਆਂ ਦੀ ਜੀਵਨ-ਸ਼ੈਲੀ ਨੂੰ ਵੇਖ ਕੇ ਇਹ ਨਹੀਂ ਸੋਚਣਾ ਚਾਹੀਦਾ ਕਿ

ਜ਼ਿੰਦਗੀ ਵਿਚ ਸਾਨੂੰ ਇਹ ਚੀਜ਼ਾਂ ਨਹੀਂ ਮਿਲੀਆਂ ਹਨ (ਜ਼ਬੂਰ 37:7–10; 73:2, 3, 16–20)। ਸ਼ੁਕਰਗੁਜ਼ਾਰੀ ਇਸ ਅਹਿਸਾਸ ਨਾਲ ਹੁੰਦੀ ਹੈ ਕਿ ਜ਼ਿੰਦਗੀ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਸਾਡੇ ਸੁਭਾਅ ਨੂੰ ਬਣਾਉਂਦੀਆਂ ਹਨ (ਰੋਮੀਆਂ 5:3, 4; ਇਬਰਾਨੀਆਂ 12:4–11; ਯਾਕੂਬ 1:2–4)। ਇਹ ਜਾਣਦਿਆਂ ਕਿ ਰੂਹਾਨੀ ਤਰੱਕੀ ਲਈ ਦੋਵੇਂ ਹੀ ਜ਼ਰੂਰੀ ਹਨ, ਸਾਨੂੰ ਧੁੱਪ ਅਤੇ ਮੀਂਹ ਦੋਹਾਂ ਲਈ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ।

ਮਸੀਹੀ ਲੋਕਾਂ ਲਈ ਦੂਜਿਆਂ ਨੂੰ ਸਮਝਾਉਣਾ ਅਤੇ ਗਾ ਕੇ ਸ਼ੁਕਰਗੁਜ਼ਾਰੀ ਕਰਨਾ ਜ਼ਰੂਰੀ ਹੈ (ਆਇਤ 16)। ਕਿਸੇ ਹੋਰ ਧਰਮ ਕੋਲ ਗਾਉਣ ਲਈ ਐਨੇ ਗੀਤ ਨਹੀਂ ਹਨ ਜਿੰਨੇ ਮਸੀਹੀਅਤ ਕੋਲ ਹਨ। ਕਿਉਂ ਜੋ ਮਸੀਹੀ ਲੋਕਾਂ ਕੋਲ ਗਾਉਣ ਲਈ ਬਹੁਤ ਕੁਝ ਹੈ ਅਸੀਂ ਕਿਸੇ ਵੀ ਸਮੇਂ ਅਤੇ ਕਿਤੇ ਵੀ ਗਾ ਸਕਦੇ ਹਾਂ। ਗਾਉਣ ਵੇਲੇ ਸਾਨੂੰ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਅਸੀਂ ਸਿਰਫ਼ ਸੰਗੀਤ ਦਾ ਆਨੰਦ ਲੈਣ ਲਈਂ ਬਲਕਿ ਖ਼ੁਦਾ ਨਾਲ ਗੱਲ ਕਰਨ ਅਤੇ ਨਾਲ ਦੇ ਮਸੀਹੀ ਲੋਕਾਂ ਨੂੰ ਸਮਝਾਉਣ ਲਈ ਗਾ ਰਹੇ ਹਾਂ।

ਮਸੀਹੀ ਲੋਕਾਂ ਲਈ ਸਭ ਕੁਝ ਯਿਸੂ ਮਸੀਹ ਦੀ ਮਰਜ਼ੀ ਦੇ ਮੁਤਾਬਿਕ ਹੋਣਾ ਜ਼ਰੂਰੀ ਹੈ (ਆਇਤ 17)। ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜੋ ਕੁਝ ਵੀ ਅਸੀਂ ਕਰੀਏ ਉਸ ਨਾਲ ਉਸ ਦਾ ਨਾਮ ਜੁੜਿਆ ਹੋਵੇ। ਅਸੀਂ ਕੁਝ ਵੀ ਅਜਿਹਾ ਨਾ ਕਰੀਏ ਜਿਹੜਾ ਯਿਸੂ ਦੀ ਸਿੱਖਿਆ ਦੇ ਉਲਟ ਹੋਵੇ। ਇਸ ਦੀ ਬਜਾਇ ਜੋ ਕੁਝ ਵੀ ਅਸੀਂ ਕਰੀਏ ਉਹ ਉਸ ਦੀ ਸਿੱਖਿਆ ਦੇ ਅਧਾਰ ਤੇ ਹੀ ਬਣਿਆ ਹੋਵੇ (ਮੱਤੀ 7:24–27; 28:20)।

**''ਮਸੀਹ ਦੀ ਸ਼ਾਂਤੀ''** (3:15)

''ਮਸੀਹ ਦੀ ਸ਼ਾਂਤੀ'' ਖ਼ੁਦਾ ਨਾਲ ਮੇਲ ਜਾਂ ਸ਼ਾਂਤੀ, ਅੰਦਰੂਨੀ ਸ਼ਾਂਤੀ ਅਤੇ ਦੂਜਿਆਂ ਨਾਲ ਮੇਲ ਦੀ ਤਿਹਰੀ ਸ਼ਾਂਤੀ ਹੈ। ਇਹ ਤਿੰਨੇ ਆਪਸ ਵਿਚ ਇਕ ਦੂਜੇ ਨਾਲ ਗੁੱਥੇ ਹੋਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਅਹਿਮ ਖ਼ੁਦਾ ਨਾਲ ਮੇਲ ਹੈ, ਜਿਸ ਨਾਲ ਅੰਦਰੂਨੀ ਸ਼ਾਂਤੀ ਮਿਲ ਸਕਦੀ ਹੈ ਅਤੇ ਜਿਸ ਨਾਲ ਅੱਗੇ ਦੂਜਿਆਂ ਨਾਲ ਮੇਲ ਸੰਭਵ ਹੋ ਸਕਦਾ ਹੈ।

*ਖ਼ੁਦਾ ਨਾਲ ਮੇਲ।* ਯਿਸੂ ਦੇ ਕੰਮ ਕਰਨ ਦਾ ਨਤੀਜਾ ਹੈ ''ਸੋ ਜਦੋਂ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਗਏ ਤਾਂ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ ਰੱਖੀਏ'' (ਰੋਮੀਆਂ 5:1; ਵੇਖੋ ਯਸਾਯਾਹ 9:6)।

ਸਾਡੇ ਬੁਰੇ ਕੰਮ ਸਾਨੂੰ ਖ਼ੁਦਾ ਤੋਂ ਅੱਡ ਕਰ ਸਕਦੇ ਹਨ, ਜਿਸ ਨਾਲ ਦੂਜਿਆਂ ਨਾਲ ਸਾਡੀ ਦੁਸ਼ਮਣੀ ਹੋ ਸਕਦੀ ਹੈ (ਕੁਲੁੱਸੀਆਂ 1:21)। ਸਲੀਬ ਉੱਤੇ ਵਹੇ ਆਪਣੇ ਲਹੂ ਦੇ ਰਾਹੀਂ ਯਿਸੂ ਨੇ ਸਾਡੇ ਪਾਪ ਦਾ ਕਰਜ਼ਾ ਅਦਾ ਕਰਕੇ ਸਾਡੇ ਲਈ ਖ਼ੁਦਾ ਨਾਲ ਮੇਲ ਨੂੰ ਸੰਭਵ ਬਣਾ ਦਿੱਤਾ (1:20–22)।

ਖ਼ੁਦਾ ਨਾਲ ਸਾਡੇ ਮੇਲ ਦੇ ਤੱਥ ਦੇ ਬਾਵਜੂਦ ਇਸ ਦਾ ਅਰਥ ਇਹ ਨਹੀਂ ਹੈ ਕਿ ਹਰ ਤਰ੍ਹਾਂ ਦੇ ਲੋਕਾਂ ਨਾਲ ਵੀ ਸਾਡਾ ਮੇਲ ਹੈ। ਆਪਣੇ ਸਮੇਂ ਦੇ ਝੂਠੇ ਨਬੀਆਂ ਬਾਰੇ ਯਿਰਮਿਯਾਹ ਨੇ ਲਿਖਿਆ ਸੀ, ''ਉਨ੍ਹਾਂ ਨੇ ਮੇਰੀ ਪਰਜਾ ਦੇ ਫੱਟਾਂ ਨੂੰ ਥੋੜ੍ਹਾ ਜਿਹਾ ਚੰਗਾ ਕੀਤਾ ਪਰ ਉਹ ਆਖਦੇ ਹਨ, ਸ਼ਾਂਤੀ, ਸ਼ਾਂਤੀ, ਪਰ ਸ਼ਾਂਤੀ ਹੈ ਨਹੀਂ'' (ਯਿਰਮਿਯਾਹ 6:14; ਵੇਖੋ ਹਿਜ਼ਕੀਏਲ 13:10)। ਖ਼ੁਦਾ ਨਾਲ ਸਾਡੀ ਸੁਲ੍ਹਾ ਤਦੇ ਹੈ ਜੇ ਸਾਨੂੰ ਸਾਡੇ ਪਾਪਾਂ ਤੋਂ ਛੁਡਾਇਆ ਗਿਆ ਹੈ ਤਾਂ ਜੇ ਸਾਡੀ ਜ਼ਿੰਦਗੀ ਉਸ ਨੂੰ ਖੁਸ਼ ਕਰਨ ਵਾਲੀ ਹੈ।

*ਅੰਦਰੂਨੀ ਸ਼ਾਂਤੀ* ਅਤੀਤ ਬਾਰੇ ਸੰਤੁਸ਼ਟ ਭਾਵਨਾ, ਵਰਤਮਾਨ ਦੀ ਸ਼ਾਂਤ ਭਾਵਨਾ ਅਤੇ ਭਵਿੱਖ ਵਿਚ ਝਾਕਦਿਆਂ ਮਨ ਦੀ ਆਸ ਹੈ। ਅਤੀਤ ਪਰਛਾਵੇਂ ਵਾਂਗ ਸਾਡੇ ਮਗਰ ਰਹਿ ਸਕਦਾ ਹੈ। ''ਦੁਸ਼ਟਾਂ ਲਈ ਕੋਈ ਸ਼ਾਂਤੀ ਨਹੀਂ'' (ਯਸਾਯਾਹ 48:22); ''ਦੁਸ਼ਟ ਨੱਠਦੇ ਹਨ ਭਾਵੇਂ ਕੋਈ ਪਿੱਛਾ ਕਰਨ ਵਾਲਾ

ਵੀ ਨਾ ਹੋਵੇ'' (ਕਹਾਉਤਾਂ 28:1)। ਜੇ ਅਸੀਂ ਖ਼ੁਦਾ ਦੀ ਸੇਵਾ ਕਰਨ ਦੇ ਚਾਹਵਾਨ ਹਾਂ ਅਤੇ ਯਿਸੂ ਦੇ ਲਹੂ ਨਾਲ ਧੋਤੇ ਗਏ ਹਾਂ (1 ਯੂਹੰਨਾ 1:7), ਤਾਂ ਯਕੀਨ ਨਾਲ ਆਖ ਸਕਦੇ ਹਾਂ ਕਿ ਸਾਡੇ ਅਤੀਤ ਨੂੰ ਭੁਲਾ ਦਿੱਤਾ ਗਿਆ ਹੈ (ਇਬਰਾਨੀਆਂ 8:12)। ਬੁਰਿਆਈ ਸਾਡਾ ਅਤੀਤ ਸੀ ਅਤੇ ਜੇ ਯਿਸੂ ਨੇ ਸਾਨੂੰ ਸਾਡੇ ਪਾਪਾਂ ਤੋਂ ਛੁਡਾ ਲਿਆ ਹੈ ਤਾਂ ਸਾਡੇ ਅਤੀਤ ਨੂੰ ਸਾਡਾ ਪਿੱਛਾ ਨਹੀਂ ਕਰਨਾ ਚਾਹੀਦਾ।

ਅਤੀਤ ਦੀਆਂ ਗਲਤੀਆਂ ਤੋਂ ਛੁਡਾਏ ਜਾਣ ਦਾ ਮਤਲਬ ਜ਼ਰੂਰੀ ਨਹੀਂ ਹੈ ਕਿ ਵਰਤਮਾਨ ਵਿਚ ਸਾਡੀ ਪੈਦਾ ਕੀਤੀ ਕੋਈ ਵੀ ਮੁਸ਼ਕਿਲ ਜਿਹੜੀ ਸਾਡੇ ਭਵਿੱਖ ਨੂੰ ਪ੍ਰਭਾਵਿਤ ਕਰ ਸਕਦੀ ਹੈ, ਖ਼ਤਮ ਹੋ ਜਾਵੇਗੀ। ਜੇ ਸਾਡੇ ਅਤੀਤ ਨਾਲ ਵਰਤਮਾਨ ਅਤੇ ਭਵਿੱਖ ਵਿਚ ਉਲਝਣ ਪਈ ਹੈ ਤਾਂ ਅਸੀਂ ਯਕੀਨ ਨਾਲ ਆਖ ਸਕਦੇ ਹਾਂ ਕਿ ਜਦ ਅਸੀਂ ਖ਼ੁਦਾ ਦੀ ਮਰਜ਼ੀ ਨੂੰ ਪੂਰਾ ਕਰਨ ਦੇ ਚਾਹਵਾਨ ਹੋਵਾਂਗੇ ਤਾਂ ਖ਼ੁਦਾ ਸਾਨੂੰ ਨਾ ਛੱਡੇਗਾ ਅਤੇ ਨਾ ਤਿਆਗੇਗਾ (ਇਬਰਾਨੀਆਂ 13:5)।

ਅੰਦਰੂਨੀ ਸ਼ਾਂਤੀ ਸਿਰਫ਼ ਵਰਤਮਾਨ ਵਿਚ ਹੀ ਮਿਲ ਸਕਦੀ ਹੈ। ਦਾਊਦ ਨੇ ਇਹ ਲਿਖਦਿਆਂ ਕਿ ''ਮੈਂ ਸ਼ਾਂਤੀ ਨਾਲ ਲੇਟਦਿਆਂ ਹੀ ਸੌਂ ਜਾਵਾਂਗਾ, ਕਿਉਂ ਜੋ ਹੇ ਯਹੋਵਾਹ ਤੂੰ ਹੀ ਮੈਨੂੰ ਅਮਨ ਵਿਚ ਬਿਠਾਉਂਦਾ ਹੈਂ'' (ਜ਼ਬੂਰ 4:8) ਮਨ ਦੀ ਸ਼ਾਂਤੀ ਪਾਏ ਆਦਮੀ ਦੀ ਸ਼ਾਂਤੀ ਦਾ ਬਿਆਨ ਕੀਤਾ। ਸ਼ਾਂਤੀ ਪਾਇਆ ਆਦਮੀ ਚੈਨ ਨਾਲ ਰਹਿ ਸਕਦਾ ਹੈ ਅਤੇ ਰਾਤ ਨੂੰ ਆਰਾਮ ਨਾਲ ਸੌਂ ਸਕਦਾ ਹੈ।

> ਛੁਟਕਾਰਾ ਪਾਏ ਹੋਏ ਮਨ ਦੀ ਸ਼ਾਂਤੀ ਦੀ ਕਲਪਨਾ ਕਰੋ ਜਿਸ ਨੂੰ ਆਪਣੇ ਆਪ ਵਿਚ ਪਤਾ ਹੈ ਕਿ ਉਹ ਖ਼ੁਦਾ ਦੀਆਂ ਬਾਹਾਂ ਵਿਚ ਸੁਰੱਖਿਅਤ ਹੈ; ਜੋ ਇਸ ਸੰਸਾਰ ਵਿਚ ਆਪਣੇ ਮੂੰਹ ਦੀ ਰੌਸ਼ਨੀ ਅਤੇ ਕਲਾਵੇ ਵੱਲ ਖੁਸ਼ੀ ਕਰਦਾ ਹੈ; ਜੋ ਸੁੱਖ ਦੀਆਂ ਨਦੀਆਂ ਦੇ ਕੋਲ ਵੱਸਦਾ ਅਤੇ ਸੁਰਗੀ ਪ੍ਰੇਮ ਦੀਆਂ ਹਰੀਆਂ ਚਰਾਂਦਾ ਵਿਚ ਲੇਟਿਆ ਹੈ। ਇਕ ਛੋਟੇ ਟਾਪੂ ਵਿਚ ਕਹਿਰ ਦੀ ਗਰਜਣ ਅਜਿਹੀ ਲਗਦੀ ਹੈ ਜਿਵੇਂ ਦੂਰ ਸਮੁੰਦਰੀ ਚੱਟਾਨ ਉੱਤੇ ਕੁਝ ਲਹਿਰਾ ਰਿਹਾ ਹੋਵੇ।[30]

ਸਾਨੂੰ ਭਵਿੱਖ ਬਾਰੇ ਫ਼ਿਕਰਮੰਦ ਹੋਣ ਦੀ ਲੋੜ ਨਹੀਂ ਹੈ, ਕਿਉਂ ਜੋ ਯਿਸੂ ਸਾਨੂੰ ਦਲੇਰ ਕਰਦਾ ਹੈ ਕਿ ਖ਼ੁਦਾ ਉਨ੍ਹਾਂ ਦੀ ਦੇਖਭਾਲ ਕਰੇਗਾ ਜਿਹੜੇ ਖ਼ੁਦਾ ਦੇ ਰਾਜ ਨੂੰ ਤਰਜੀਹ ਦਿੰਦੇ ਹਨ (ਮੱਤੀ 6:28–33) । ਭਵਿੱਖ ਦੀ ਫ਼ਿਕਰ ਕਰਕੇ ਪਰੇਸ਼ਾਨ ਦਿਲ ਦੀ ਦਵਾ ਖ਼ੁਦਾ ਵਿਚ ਵਿਸ਼ਵਾਸ ਅਤੇ ਭਰੋਸਾ ਹੈ। ਖ਼ੁਦਾ ਉਨ੍ਹਾਂ ਨੂੰ ਜਿਹੜੇ ਉਸ ਵਿਚ ਭਰੋਸਾ ਰੱਖਦੇ ਹਨ, ਪੂਰੀ ਸ਼ਾਂਤੀ ਵਿਚ ਰੱਖੇਗਾ (ਯਸਾਯਾਹ 26:3)। ਜ਼ਬੂਰ 23 ਖ਼ੁਦਾ ਵਿਚ ਅਜਿਹੇ ਭਰੋਸੇ ਅਤੇ ਵਿਸ਼ਵਾਸ ਨੂੰ ਵਿਖਾਉਂਦਾ ਹੈ: ''ਯਹੋਵਾਹ ਮੇਰਾ ਅਯਾਲੀ ਹੈ, ਮੈਨੂੰ ਥੁੜ ਨਹੀਂ ਹੋਵੇਗੀ। ... ਭਾਵੇਂ ਮੈਂ ਮੌਤ ਦੀ ਵਾਦੀ ਵਿਚ ਫਿਰਾਂ, ਮੈਂ ਕਿਸੇ ਬਦੀ ਤੋਂ ਨਹੀਂ ਡਰਾਂਗਾ, ਤੂੰ ਜੋ ਮੇਰੇ ਨਾਲ ਹੈਂ। ਤੇਰੀ ਸੋਟੀ ਅਤੇ ਤੇਰੀ ਲਾਠੀ ਇਹ ਮੈਨੂੰ ਤਸੱਲੀ ਦਿੰਦੀਆਂ ਹਨ'' (ਜ਼ਬੂਰ 23:1, 4)।

ਯਿਸੂ ਨੇ ਸਾਨੂੰ ਆਪਣੇ ਕੋਲ ਆਉਣ ਦਾ ਸੱਦਾ ਦਿੱਤਾ, ਉਸ ਦਾ ਜੂਲਾ ਚੁੱਕਣ ਅਤੇ ਉਸ ਤੋਂ ਸਿੱਖਣ ਦੇ ਰਾਹੀਂ ਸ਼ਾਂਤੀ ਪਾਉਣ ਦੀ ਦਵਾ ਦਿੱਤੀ ਹੈ। ਇਸ ਨਾਲ ਸਾਨੂੰ ਆਪਣੇ ਮਨਾਂ ਵਿਚ ਸ਼ਾਂਤੀ ਮਿਲੇਗੀ (ਮੱਤੀ 11:28–30)। ਉਸ ਨੇ ਸਾਨੂੰ ਆਪਣੀ ਸ਼ਾਂਤੀ ਦੇ ਦਿੱਤੀ ਹੈ (ਯੂਹੰਨਾ 16:33)। ਜੇ ਅਸੀਂ ਆਪਣੇ ਮਨਾਂ ਨੂੰ ਆਤਮਾ ਦੀਆਂ ਗੱਲਾਂ ਉੱਤੇ ਲਾਈਏ ਤਾਂ ਸਾਨੂੰ ਸ਼ਾਂਤੀ ਮਿਲ ਜਾਵੇਗੀ (ਰੋਮੀਆਂ 8:6; ਗਲਾਤੀਆਂ 5:22, 23), ਜਿਸ ਦਾ ਮਤਲਬ ਸਹੀ ਗੱਲਾਂ ਉੱਤੇ ਧਿਆਨ ਲਾਉਣਾ, ਪੌਲੁਸ ਦੀ ਜ਼ਿੰਦਗੀ ਅਤੇ ਸਿੱਖਿਆ ਦੀ ਨਕਲ ਕਰਨਾ (ਫ਼ਿਲਿੱਪੀਆਂ 4:8, 9), ਅਤੇ ਦੁਆ ਵਿਚ ਆਪਣਾ ਬੋਝ ਖ਼ੁਦਾ ਨੂੰ ਦੇ ਦੇਣਾ ਹੈ (1 ਪਤਰਸ 5:7)।

*ਦੂਜਿਆਂ ਨਾਲ ਸ਼ਾਂਤੀ* ਜਾਂ ਸੁਲ੍ਹਾ ਅਜਿਹੀ ਗੱਲ ਹੈ ਜਿਸ ਦੀ ਚਾਹ ਯਿਸੂ ਸਾਥੋਂ ਚਾਹੁੰਦਾ ਹੈ (ਮਰਕੁਸ 9:50)। ਕੁਝ ਲੋਕ ਸਾਨੂੰ ਆਪਣੇ ਨਾਲ ਮੇਲ ਰੱਖਣ ਨਹੀਂ ਦੇਣਗੇ। ਅਜਿਹਾ ਹੋਣ ਤੇ ਸਾਨੂੰ ਮੇਲ ਜਾਂ ਸ਼ਾਂਤੀ ਰੱਖਣ ਦੀਆਂ ਸਾਡੀਆਂ ਕੋਸ਼ਿਸ਼ਾਂ ਨੂੰ ਨਕਾਰਣ ਵਾਲਿਆਂ (ਮੱਤੀ 5:44), ਦੂਜਿਆਂ

ਤੋਂ ਸਲਾਹ ਲੈਣ (ਕਹਾਉਤਾਂ 15:22), ਅਤੇ ਦੂਜਿਆਂ ਨਾਲ ਸੁਲ੍ਹਾ ਨਾਲ ਰਹਿਣ ਦੀ ਸਾਡੀ ਪੂਰੀ ਕੋਸ਼ਿਸ਼ ਨੂੰ ਨਕਾਰਣ ਵਾਲਿਆਂ ਲਈ ਦੁਆ ਕਰਨੀ ਚਾਹੀਦੀ ਹੈ (ਰੋਮੀਆਂ 12:18; 14:19)।

ਸਾਡਾ ਇਕ ਭਜਨ ਜਿਹੜਾ ਐਨੀ ਖੂਬਸੂਰਤੀ ਨਾਲ ਉਸ ਭਰੋਸੇ ਅਤੇ ਸ਼ਾਂਤੀ ਨੂੰ ਵਿਖਾਉਂਦਾ ਹੈ ਜਿਹੜੀ ਮਸੀਹ ਵਿਚ ਸਾਨੂੰ ਮਿਲੀ ਹੈ, ''ਪੀਸ, ਪਰਫ਼ੈਕਟ ਪੀਸ'' ਵਾਲਾ ਗੀਤ ਹੈ।[31] ਇਹ ਸ਼ਾਂਤੀ ਮਿਲਣ ਵਾਲੀਆਂ ਥਾਂਵਾਂ ਦਾ ਸੁਝਾਅ ਦਿੰਦਾ ਹੈ: ਪਾਪ ਦੇ ਇਸ ਹਨੇਰੇ ਸੰਸਾਰ ਵਿਚ ਯਿਸੂ ਦਾ ਲਹੂ; ਖਚਾਖਚ ਫ਼ਰਜ਼ਾਂ ਦੀ ਥਾਂ ਯਿਸੂ ਦੀ ਇੱਛਾ ਨੂੰ ਪੂਰਾ ਕਰਨ ਨਾਲ ਆਰਾਮ ਦੁਖਾਂ ਦੇ ਹਮਲਿਆਂ ਦੇ ਵਿਚਕਾਰ ਯਿਸੂ ਦੀ ਗੋਦ ਵਿਚ ਚੈਨ; ਅਤੇ ਯਿਸੂ ਦੇ ਭਰੋਸੇ ਨਾਲ ਜਿਹੜਾ ਤਖ਼ਤ ਉੱਤੇ ਹੈ ਇਕ ਅਣਜਾਣ ਭਵਿੱਖ।

ਕਿਸੇ ਨੇ ਖ਼ੂਬ ਕਿਹਾ ਹੈ, ''ਮੈਨੂੰ ਇਹ ਤਾਂ ਪਤਾ ਨਹੀਂ ਹੈ ਕਿ ਭਵਿੱਖ ਦੇ ਗਰਭ ਵਿਚ ਕੀ ਹੈ ਪਰ ਮੈਂ ਉਸ ਨੂੰ ਜਾਣਦਾ ਹਾਂ ਜਿਸ ਦੇ ਹਥ ਵਿਚ ਭਵਿੱਖ ਹੈ।''

**ਸਾਡੇ ਗੀਤਾਂ ਵਿਚ ਮਸੀਹ ਦੇ ਵਚਨ (3:16)**

ਮੁੱਢਲੇ ਮਸੀਹੀ ਗੀਤਾਂ ਵਿਚ ਮੁੱਖ ਤੌਰ ਤੇ ਮਸੀਹ ਦੀਆਂ ਸਿੱਖਿਆਵਾਂ ਵਿਚ ਪਾਏ ਜਾਣ ਵਾਲੇ ਬੋਲ ਹੁੰਦੇ ਹੋਣਗੇ ਅਤੇ ਗੀਤਾਂ ਵਿਚ ਜਿਸ ਵਿਚ ਉਹਦੇ ਪ੍ਰਤੀ ਭਗਤੀ ਵਿਖਾਈ ਦਿੰਦੀ ਹੋਵੇ। ਮੁੱਢਲੇ ਮਸੀਹੀ ਭਜਨਾਂ ਵਿਚ ਵਰਤੇ ਜਾਣ ਵਾਲੇ ਸ਼ਬਦਾਂ ਦਾ ਕਿਸੇ ਨੂੰ ਪਤਾ ਨਹੀਂ ਹੈ ਕਿ ਉਹ ਕੀ ਹੁੰਦੇ ਸਨ। ਪਰ ਪੌਲੁਸ ਦੇ ਕੁਝ ਖਤਾਂ ਵਿਚ ਇਹ ਸੰਕੇਤ ਮਿਲਦਾ ਹੈ ਕਿ ਉਹ ਕਿਹੋ ਜਿਹੇ ਹੁੰਦੇ ਸਨ। ਬਹੁਤ ਸਾਰੇ ਵਿਦਵਾਨਾਂ ਦਾ ਮੰਨਣਾ ਹੈ ਕਿ ਉਸ ਨੇ ਆਪਣੇ ਖ਼ਤਾਂ ਵਿਚ ਕੁਝ ਗੀਤਾਂ ਨੂੰ ਸ਼ਾਮਿਲ ਕੀਤਾ (ਵੇਖੋ ਅਫ਼ਸੀਆਂ 5:14; 2 ਤਿਮੋਥਿਉਸ 2:11–13)। 1 ਤਿਮੋਥਿਉਸ 3:16 ਵਿਚ ਪੌਲੁਸ ਨੇ ਲਿਖਿਆ,

> ਉਹ ਸਰੀਰ ਵਿਚ ਪਰਗਟ ਹੋਇਆ,
> ਆਤਮਾ ਵਿਚ ਧਰਮੀ ਠਹਿਰਾਇਆ ਗਿਆ,
> ਦੂਤਾਂ ਤੋਂ ਵੇਖਿਆ ਗਿਆ,
> ਕੌਮਾਂ ਵਿਚ ਉਹ ਦਾ ਪ੍ਰਚਾਰ ਕੀਤਾ ਗਿਆ,
> ਜਗਤ ਵਿਚ ਉਸ ਉੱਤੇ ਨਿਹਚਾ ਕੀਤੀ ਗਈ,
> ਤੇਜ ਵਿਚ ਉਤਾਹਾਂ ਉਠਾ ਲਿਆ ਗਿਆ।

*ਮਸੀਹ ਦੀਆਂ ਗੱਲਾਂ ਬਹੁਤਾ ਕਰਕੇ ਸਾਡੇ ਵਿਚ ਵੱਸਣ।* ਕਿਸੇ ਗੀਤ ਦੇ ਬੋਲ ਉਸ ਦੇ ਸੁਰ ਨਾਲੋਂ ਵੱਧ ਅਹਿਮ ਹੁੰਦੇ ਹਨ। ਪੌਲੁਸ ਨੇ ਸੁਰ ਦੇ ਸਬੰਧ ਵਿਚ ਨਹੀਂ ਬਲਕਿ ਗੀਤਾਂ ਦੇ ਸਬੰਧ ਵਿਚ ਹਦਾਇਤਾਂ ਦਿੱਤੀਆਂ ਹਨ। ਸਾਡੇ ਭਜਨਾਂ, ਜ਼ਬੂਰਾਂ ਅਤੇ ਰੂਹਾਨੀ ਗੀਤਾਂ ਵਿਚ ਉਹ ਵਿਸ਼ੇ ਹੋਣੇ ਲਾਜ਼ਮੀ ਹਨ ਜਿਹੜੇ ਯਿਸੂ ਅਤੇ ਉਸ ਦੀ ਸਿੱਖਿਆ ਨਾਲ ਸਬੰਧਿਤ ਹੋਣ। ਸਦੀਆਂ ਤੋਂ ਬਹੁਤ ਸਾਰੇ ਸਾਡੇ ਗੀਤ ਜਿਹੜੇ ਲਿਖੇ ਜਾਂਦੇ ਹਨ, ਇਸੇ ਨੂੰ ਧਿਆਨ ਵਿਚ ਰੱਖ ਕੇ ਲਿਖੇ ਜਾਂਦੇ ਹਨ।

ਖ਼ੁਦਾ ਨੂੰ ਦਿਲੋਂ ਗਾਏ ਗਏ ਗੀਤ ਭਾਉਂਦੇ ਹਨ। ਇਹ ਸਹੀ ਹੈ ਕਿ ਕਿਉਂ ਜੋ ਖ਼ੁਦਾ ਦਿਲ ਨੂੰ ਵੇਖਦਾ ਹੈ। ਜੇ ਅਸੀਂ ਆਪਣੇ ਮਨਾਂ ਨੂੰ ਬਾਹਰ ਦੀਆਂ ਗੱਲਾਂ ਉੱਤੇ ਲਾਈਏ ਤਾਂ ਅਸੀਂ ਆਪਣੇ ਗਾਣੇ ਦੇ ਦੌਰਾਨ ਮਸੀਹ ਦੇ ਵਚਨਾਂ ਨੂੰ ਆਪਣੇ ਅੰਦਰ ਵੱਸਣ ਨਹੀਂ ਦਿੱਤਾ ਹੈ। ਅਜਿਹਾ ਗਾਣਾ ਵਿਅਰਥ, ਖੋਖਲਾ ਅਤੇ ਨਾਮੰਜ਼ੂਰ ਹੈ। ਯਸਾਯਾਹ ਨੇ ਇਸਰਾਏਲੀਆਂ ਦੇ ਸਬੰਧ ਵਿਚ ਖ਼ੁਦਾ ਦੀ ਸ਼ਿਕਾਇਤ ਨੂੰ ਕਲਮਬੱਧ ਕੀਤਾ ਹੈ (ਵੇਖੋ ਮੱਤੀ 15:8): ''ਇਹ ਲੋਕ ਮੇਰੇ ਨੇੜੇ ਆਉਂਦੇ, ਅਤੇ ਆਪਣੇ ਮੂੰਹਾਂ ਅਤੇ ਬੁੱਲ੍ਹਾਂ ਨਾਲ ਮੇਰਾ ਆਦਰ ਕਰਦੇ ਹਨ, ਪਰ ਉਨ੍ਹਾਂ ਦਾ ਦਿਲ ਮੈਥੋਂ ਦੂਰ ਹੈ'' (ਯਸਾਯਾਹ 29:13)। ਖ਼ੁਦਾ ਬੰਦਗੀ ਵਿਚ ਬੁੱਲ੍ਹਾਂ ਦੀ ਕੁਰਬਾਨੀ ਨੂੰ ਤਾਂ ਚਾਹੁੰਦਾ ਹੈ ਪਰ ਇਸ ਨਾਲੋਂ ਵੀ ਵਧ ਕੇ ਉਹ ਚਾਹੁੰਦਾ

ਹੈ ਕਿ ਸਾਡੇ ਗੀਤਾਂ ਦੇ ਸੁਰ ਸਾਡੇ ਦਿਲਾਂ ਵਿੱਚੋਂ ਨਿੱਕਲਣ (ਅਫ਼ਸੀਆਂ 5:19)।

*ਮਸੀਹ ਦੀਆਂ ਗੱਲਾਂ ਵਿਚ ਬੁੱਧ ਅਤੇ ਗਿਆਨ ਮਿਲਦਾ ਹੈ।* ਸਾਰੀ ਬੁੱਧ ਅਤੇ ਗਿਆਨ ਦਾ ਵਸੀਲਾ ਯਿਸੂ ਹੈ (ਕੁਲੁੱਸੀਆਂ 2:3); ਇਸ ਕਰਕੇ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਗੀਤਾਂ ਦੇ ਅਧਾਰ ਦੇ ਤੌਰ ਤੇ ਉਸ ਦੇ ਗੀਤਾਂ ਦੀ ਰੱਖਿਆ ਕਰੀਏ। ਜੇ ਅਸੀਂ ਉਸ ਨੂੰ ਸਹੀ ਢੰਗ ਨਾਲ ਅੱਗੇ ਦੇਣ ਦੀ ਚੌਕਸ ਕੋਸ਼ਿਸ਼ ਕਰੀਏ ਤਾਂ ਉਸ ਨੂੰ ਅੱਗੇ ਕਵਿਤਾ ਦੇ ਰੂਪ ਵਿਚ ਵੀ ਦਿੱਤਾ ਜਾ ਸਕਦਾ ਹੈ।

*ਮਸੀਹ ਦੀਆਂ ਗੱਲਾਂ ਨਾਲ ਸਿੱਖਿਆ ਅਤੇ ਇਕ ਦੂਜੇ ਨੂੰ ਚਿਤਾਰਣ ਵਿਚ ਵਧਾਵਾ ਮਿਲਦਾ ਹੈ।* ਸਾਡੇ ਗਾਉਣ ਦਾ ਇਕ ਮਕਸਦ ਦੂਜਿਆਂ ਨੂੰ ਸਿੱਖਿਆ ਨਾਲ ਸਮਝਾਉਣਾ ਹੋਣਾ ਚਾਹੀਦਾ ਹੈ। ਜੇ ਅਸੀਂ ''ਇਕ ਦੂਏ ਨੂੰ'' ਸਿਖਾਉਣਾ ਅਤੇ ਚਿਤਾਰਣਾ ਚਾਹੁੰਦੇ ਹਾਂ ਤਾਂ ਪੌਲੁਸ ਦੀ ਹਦਾਇਤ ਮੰਡਲੀ ਵਿਚ ਕੀਤੀ ਜਾਣ ਵਾਲੀ ਬੰਦਗੀ ਵਿਚ ਗਾਉਣ ਨੂੰ ਜ਼ਰੂਰੀ ਬਣਾ ਦਿੰਦੀ ਹੈ। ਸਾਨੂੰ ਸਿਰਫ਼ ਮਸੀਹੀ ਲੋਕਾਂ ਦੇ ਇਕੱਠ ਵਿਚ ਗਾਉਣ ਤਕ ਸੀਮਤ ਨਹੀਂ ਕੀਤਾ ਜਾਣਾ ਚਾਹੀਦਾ ਕਿਉਂ ਜੋ ਅਸੀਂ ਇਕੱਲੇ ਹੋਣ ਤੇ ਵੀ ਗਾ ਸਕਦੇ ਹਾਂ (ਯਾਕੂਬ 5:13)।

ਸੰਗੀਤ ਦੇ ਪੂਰੇ ਪ੍ਰੋਗਰਾਮ ਵਿਚ ਸਿੱਖਿਆ ਦੇਣ, ਚਿਤਾਰਣ, ਉਸਤਤ ਕਰਨ ਅਤੇ ਸਮਰਪਣ ਦੇ ਗੀਤ ਹੋਣ। ਗਾਉਂਦਿਆਂ ਸਾਨੂੰ ਇਹ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਉੱਥੇ ਸਿਰਫ਼ ਮੰਡਲੀ ਦੇ ਲੋਕ ਹੀ ਨਹੀਂ ਹਨ, ਖ਼ੁਦਾ ਵੀ ਮੌਜੂਦ ਹੈ।

*ਮਸੀਹ ਦੀਆਂ ਗੱਲਾਂ ਵਿਚ ਖ਼ੁਦਾ ਦੀ ਸ਼ੁਕਰਗੁਜ਼ਾਰੀ ਹੁੰਦੀ ਹੈ।* ਸਾਨੂੰ ਇਹ ਕਦੇ ਵੀ ਨਹੀਂ ਭੁੱਲਣਾ ਚਾਹੀਦਾ ਕਿ ਹਰ ਚੰਗੀ ਦਾਤ ਖ਼ੁਦਾ ਵੱਲੋਂ ਹੀ ਮਿਲਦੀ ਹੈ (ਯਾਕੂਬ 1:17)। ਇਸ ਗੱਲ ਦੇ ਅਹਿਸਾਸ ਨਾਲ ਸਾਡੇ ਮਨ ਸ਼ੁਕਰਗੁਜ਼ਾਰੀ ਨਾਲ ਭਰ ਜਾਣੇ ਚਾਹੀਦੇ ਹਨ ਅਤੇ ਸਾਡੇ ਗੀਤਾਂ ਵਿਚ ਨਜ਼ਰ ਆਉਣੇ ਚਾਹੀਦੇ ਹਨ। ਸਭ ਤੋਂ ਵਧੀਆ ਸੁਰ ਜਿਹੜੇ ਸਾਡੇ ਦਿਲ ਗਾ ਸਕਦੇ ਹਨ ਉਹ ਖ਼ੁਦਾ ਦੀ ਭਲਿਆਈ ਲਈ ਉਹਦੀ ਉਸਤਤ ਵਿਚ ਮਿਲਦੇ ਹਨ। ਜ਼ਬੂਰਾਂ ਵਿਚ ਇਹ ਵਿਚਾਰ ਜ਼ਾਹਿਰ ਕੀਤਾ ਗਿਆ ਹੈ।[32]

ਸਾਨੂੰ ਆਪਣੀਆਂ ਜ਼ਿੰਦਗੀਆਂ ਵਿਚ ਮਿਲਣ ਵਾਲੀਆਂ ਬਹੁਤ ਸਾਰੀਆਂ ਬਰਕਤਾਂ ਵਾਸਤੇ ਖ਼ੁਦਾ ਦੀ ਸ਼ੁਕਰਗੁਜ਼ਾਰੀ ਕਰਨੀ ਚਾਹੀਦੀ ਹੈ। ਕਈ ਵਾਰ ਸਾਡੀਆਂ ਸਭ ਤੋਂ ਵੱਡੀਆਂ ਬਰਕਤਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਸਾਨੂੰ ਸੰਘਰਸ਼ ਕਰਨਾ ਜ਼ਰੂਰੀ ਹੁੰਦਾ ਹੈ। ਕਾਮਯਾਬ ਹੋਣ ਦੇ ਬਾਅਦ ਸਾਨੂੰ ਮਜ਼ਬੂਤ ਮਸੀਹੀ ਬਣਨ ਦੀ ਪ੍ਰੇਰਣਾ ਮਿਲ ਸਕਦੀ ਹੈ (ਰੋਮੀਆਂ 5:3, 4; ਇਬਰਾਨੀਆਂ 13:4–11; ਯਾਕੂਬ 2:2–4)।

ਜਦ ਸਾਡੇ ਮਨ ਉਨ੍ਹਾਂ ਚੰਗੀਆਂ ਦਾਤਾਂ ਲਈ ਜਿਹੜੀਆਂ ਖ਼ੁਦਾ ਨੇ ਸਾਨੂੰ ਦਿੱਤੀਆਂ ਹਨ ਸ਼ੁਕਰਗੁਜ਼ਾਰੀ ਨਾਲ ਭਰੇ ਹੁੰਦੇ ਹਨ ਤਾਂ ਅਸੀਂ ਸਚਮੁਚ ਵਿਚ ਖ਼ੁਦਾ ਦੀ ਸ਼ੁਕਰਗੁਜ਼ਾਰੀ ਕਰਦੇ ਹਾਂ। ਇਹ ਤਦੇ ਹੋ ਸਕਦਾ ਹੈ ਜੇ ਸਾਨੂੰ ਇਸ ਗੱਲ ਦੀ ਸਮਝ ਹੋਵੇ ਕਿ ਜਿਹੜੀਆਂ ਬਰਕਤਾਂ ਸਾਨੂੰ ਮਿਲੀਆਂ ਹਨ ਉਹ ਸਿਰਫ਼ ਸਾਡੇ ਕੰਮ ਕਰਨ ਕਰਕੇ ਨਹੀਂ ਮਿਲੀਆਂ ਬਲਕਿ ਖ਼ੁਦਾ ਸਾਨੂੰ ਚੰਗੇ ਦਾਨ ਦੇਣ ਵਿਚ ਲੱਗਾ ਹੋਇਆ ਹੈ (ਯਾਕੂਬ 1:17)। ਜਦ ਸਾਨੂੰ ਇਹ ਸਮਝ ਆ ਜਾਂਦਾ ਹੈ ਤਾਂ ਬਿਲਕੁਲ ਇਸੇ ਤਰ੍ਹਾਂ ਹੈ ਤਾਂ ਸ਼ੁਕਰਗੁਜ਼ਾਰੀ ਨਾਲ ਭਰੇ ਆਪਣੇ ਦਿਲਾਂ ਨਾਲ ਅਸੀਂ ਗਾ ਸਕਦੇ ਹਾਂ।

**ਸਾਡੇ ਬਚਨ ਅਤੇ ਕਰਮ (3:17)**

ਜਦ ਅਸੀਂ ਯਿਸੂ ਦੇ ਨਾਮ ਵਿਚ ਕੁਝ ਕਰਦੇ ਹਾਂ ਤਾਂ ਅਸੀਂ ਉਹ ਇਸ ਕਰਕੇ ਕਰ ਰਹੇ ਹੁੰਦੇ ਹਾਂ ਕਿ ਜਾਂ ਤਾਂ ਅਸੀਂ ਓਸੇ ਇਖ਼ਤਿਆਰ ਨਾਲ ਕਰ ਰਹੇ ਹਾਂ ਅਤੇ ਜਾਂ ਫਿਰ ਅਸੀਂ ਉਸ ਨੂੰ ਇੱਜ਼ਤ ਅਤੇ ਵਡਿਆਈ ਦੇਣ ਲਈ ਕਰ ਰਹੇ ਹਾਂ। ਯਿਸੂ ਨੇ ਆਖਿਆ, ''ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਉਹ ਤੁਹਾਡੇ ਸ਼ੁੱਭ ਕਰਮ ਵੇਖ ਕੇ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿਚ ਹੈ ਵਡਿਆਈ ਕਰਨ'' (ਮੱਤੀ 5:16)। ਵਚਨ ਵਿਚ ਜਾਂ ਕਰਮ ਵਿਚ, ਅਸੀਂ ਜੋ ਵੀ ਕਰੀਏ ਉਹ ਸਭ ਓਸੇ ਦੇ

ਨਾਂਅ ਵਿਚ ਹੋਣਾ ਜ਼ਰੂਰੀ ਹੈ।

*ਜੋ ਅਸੀਂ ਬਚਨ ਵਿਚ ਕਰਦੇ ਹਾਂ।* ਬਾਈਬਲ ਵਿਚ ਕਈ ਆਇਤਾਂ ਹਨ ਜਿਨ੍ਹਾਂ ਵਿਚ ਸਾਡੇ ਬੋਲਾਂ ਅਤੇ ਸਾਡੀ ਜ਼ਬਾਨ ਦੀ ਵਰਤੋਂ ਦੀ ਗੱਲ ਕੀਤੀ ਗਈ ਹੈ। ਇਸ ਸਬੰਧ ਵਿਚ ਬਾਈਬਲ ਦੀ ਕਿਸੇ ਵੀ ਹੋਰ ਕਿਤਾਬ ਨਾਲੋਂ ਵੱਧ ਜਾਣਕਾਰੀ ਕਹਾਉਤਾਂ ਦੀ ਕਿਤਾਬ ਵਿਚ ਹੋ ਸਕਦੀ ਹੈ। ਯਾਕੂਬ ਨੇ ਆਪਣੇ ਖ਼ਤ ਵਿਚ ਚੰਗੀ ਸਲਾਹ ਦਿੱਤੀ ਹੈ। ਉਸ ਨੇ ਲਿਖਿਆ ਹੈ ਕਿ ਸਾਨੂੰ ਸੁਣਨ ਵਿਚ ਕਾਹਲੇ, ਬੋਲਣ ਵਿਚ ਮੱਠੇ ਅਤੇ ਕ੍ਰੋਧ ਵਿਚ ਵੀ ਮੱਠੇ ਹੋਣਾ ਜ਼ਰੂਰੀ ਹੈ (ਯਾਕੂਬ 1:19)। ਉਸ ਨੇ ਆਖਿਆ ਕਿ ਆਪਣੀ ਜੀਭ ਨੂੰ ਕੋਈ ਵੀ ਲਗਾਮ ਨਹੀਂ ਲਾ ਸਕਦਾ (ਯਾਕੂਬ 3:1–9)।

ਹਰ ਸ਼ਬਦ ਦੀ ਵਰਤੋਂ ਖ਼ੁਦਾ ਨੂੰ ਵਡਿਆਈ ਦੇਣ ਲਈ ਕੀਤੀ ਜਾਣੀ ਚਾਹੀਦੀ ਹੈ। ਸਾਨੂੰ ਉਵੇਂ ਬੋਲਣਾ ਚਾਹੀਦਾ ਹੈ ਜਿਵੇਂ ਯਿਸੂ ਚਾਹੁੰਦਾ ਹੈ ਕਿ ਅਸੀਂ ਬੋਲੀਏ, ਤਾਂ ਜੋ ਉਹਦੇ ਨਾਮ ਨੂੰ ਵਡਿਆਈ ਮਿਲੇ।

*ਜੋ ਅਸੀਂ ਕਰਮ ਵਿਚ ਕਰਦੇ ਹਾਂ।* ਸਾਡਾ ਹਰ ਕੰਮ ਉਹਦੇ ਵੱਲੋਂ ਹੋਣਾ ਚਾਹੀਦਾ ਹੈ ਜੋ ਸਾਨੂੰ ਲਗਦਾ ਹੈ ਕਿ ਯਿਸੂ ਸਾਥੋਂ ਕਰਵਾਉਣਾ ਚਾਹੁੰਦਾ ਹੈ। ਜੋ ਕੁਝ ਅਸੀਂ ਕਰਦੇ ਹਾਂ ਉਹ ਇਨ੍ਹਾਂ ਕਾਰਣਾ ਕਰਕੇ ਅਹਿਮ ਹੈ:

1. ਅਸੀਂ ਉਸ ਆਦਮੀ ਵਰਗੇ ਬਣ ਜਾਵਾਂਗੇ ਜਿਸ ਨੇ ਆਪਣਾ ਘਰ ਚੱਟਾਨ ਉੱਤੇ ਬਣਾਇਆ (ਮੱਤੀ 7:24, 25)।
2. ਅਸੀਂ ਖ਼ੁਦਾ ਦੀ ਇੱਛਿਆ ਨੂੰ ਪੂਰਾ ਕਰਕੇ ਯਿਸੂ ਦੇ ਭਾਈ ਬਣ ਜਾਵਾਂਗੇ (ਮੱਤੀ 12:50) ।
3. ਸਾਡਾ ਨਿਆਂ ਸਾਡੇ ਕਰਮਾਂ ਨਾਲ ਹੋਵੇਗਾ (ਮੱਤੀ 16:27; ਰੋਮੀਆਂ 2:6; 2 ਕੁਰਿੰਥੀਆਂ 5:10; 1 ਪਤਰਸ 1:17)।
4. ਜੇ ਅਸੀਂ ਖ਼ੁਦਾ ਦੇ ਵਚਨ ਨੂੰ ਮੰਨੀਏ ਤਾਂ ਸਾਨੂੰ ਬਰਕਤ ਮਿਲ ਸਕਦੀ ਹੈ (ਲੂਕਾ 11:27, 28; ਯਾਕੂਬ 1:25)।
5. ਸਾਡਾ ਬਚਾਇਆ ਜਾਣਾ ਸਾਡੇ ਅਮਲਾਂ ਨਾਲ ਪ੍ਰਭਾਵਿਤ ਹੁੰਦਾ ਹੈ (ਫ਼ਿਲਿੱਪੀਆਂ 2:12)।
6. ਸਾਡੇ ਅਮਲਾਂ ਨਾਲ ਦੂਜਿਆਂ ਨੂੰ ਬਰਕਤ ਮਿਲ ਸਕਦੀ ਹੈ (ਯਾਕੂਬ 2:15–17)।
7. ਅਸੀਂ ਅਮਲਾਂ ਨਾਲ ''ਧਰਮੀ'' ਠਹਿਰਾਏ ਜਾਂਦੇ ਹਾਂ ਨਾ ਕਿ ਨਿਰੀ ਨਿਹਚਾ ਨਾਲ (ਯਾਕੂਬ 2:24)।

ਜੋ ਕੁਝ ਵੀ ਅਸੀਂ ਕਰਦੇ ਹਾਂ ਉਹ ਯਿਸੂ ਦੇ ਨਾਮ ਵਿਚ ਹੋਣਾ ਜ਼ਰੂਰੀ ਹੈ। ਉਹਦੇ ਨਾਮ ਵਿਚ ਸਾਡੇ ਲਈ ਇਕੱਠੇ ਹੋਣਾ (ਮੱਤੀ 18:20; 1 ਕੁਰਿੰਥੀਆਂ 5:4), ਤੌਬਾ (ਲੂਕਾ 24:47), ਨਿਹਚਾ (ਯੂਹੰਨਾ 1:12; 1 ਯੂਹੰਨਾ 5:13), ਦਾ ਪ੍ਰਚਾਰ ਕਰਨਾ, ਦੁਆ ਕਰਨਾ (ਯੂਹੰਨਾ 14:14), ਬਪਤਿਸਮਾ ਲੈਣਾ (ਰਸੂਲਾਂ ਦੇ ਕੰਮ 2:38), ਬੋਲਣਾ (ਰਸੂਲਾਂ ਦੇ ਕੰਮ 9:27; ਯਾਕੂਬ 5:10), ਧਰਮੀ ਠਹਿਰਾਏ ਜਾਣਾ (1 ਕੁਰਿੰਥੀਆਂ 6:11), ਅਤੇ ਸ਼ੁਕਰਗੁਜ਼ਾਰੀ ਕਰਨਾ (ਅਫ਼ਸੀਆਂ 5:20) ਲਾਜ਼ਮੀ ਹੈ।

ਸਾਨੂੰ ''ਮਸੀਹੀ'' ਨਾਮ ਮਿਲਿਆ ਹੈ ਅਤੇ ਇਹੀ ਸਾਡੀ ਪਛਾਣ ਹੈ (1 ਪਤਰਸ 4:14–16)। ਸਾਡੀ ਫ਼ਿਕਰ ਅਜਿਹੀ ਜ਼ਿੰਦਗੀ ਜੀਣ ਦੀ ਹੋਣੀ ਚਾਹੀਦੀ ਹੈ ਜਿਸ ਨਾਲ ਮਸੀਹ ਦੇ ਨਾਮ ਨੂੰ ਵਡਿਆਈ ਮਿਲੇ ਅਤੇ ਉਹਦੇ ਨਾਮ ਨਾਲ ਕਿਸੇ ਤਰ੍ਹਾਂ ਦਾ ਕਲੰਕ ਜਾਂ ਬੱਜ ਨਾ ਹੋਵੇ।

## ਟਿੱਪਣੀਆਂ

[1]ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ. ਫ਼੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 183. [2]ਜੇ. ਡੀ. ਡਗਲਸ, ਸੰਪਾ., *ਗ੍ਰੀਕ–ਇੰਗਲਿਸ਼ ਇੰਟਰਲੀਨੀਅਰ ਨਿਊ ਟੈਸਟਾਮੈਂਟ,* ਅਨੁ. ਰੌਬਰਟ ਕੇ. ਬ੍ਰਾਊਨ ਅਤੇ ਫ਼ਿਲਿਪ ਡਬਲਯੂ. ਕੰਫਰਟ (ਵ੍ਹੀਟਨ, ਇਲਿਨੋਇ: ਟਿੰਡੇਲ ਹਾਊਸ ਪਬਲੀਸ਼ਰਜ਼, 1990), 704. [3]ਐਡੂਅਰਡ ਲੋਹਸੇ, *ਕੋਲੋਸੀਅੰਜ਼ ਐਂਡ ਫਿਲੇਮੋਨ,* ਵਿਲੀਅਮ ਆਰ. ਪੋਹਲਮੈਨ ਐਂਡ ਰੌਬਰਟ ਜੇ. ਕੈਰਿਸ, ਹਰਮੇਨੀਆ (ਫ਼ਿਲਾਡੈਲਫੀਆ: ਫ਼ੋਰਟਰੈਸ ਪ੍ਰੈੱਸ, 1971), 150. [4]ਉਦਾਹਰਣ ਲਈ, ਵੇਖੋ ਮੱਤੀ 13:20; 15:6; ਲੂਕਾ 22:61; ਰਸੂਲਾਂ ਦੇ ਕੰਮ 8:25. [5]ਯੂਹੰਨਾ 5:24; 8:31, 37, 43, 51, 52; 14:23; 15:20. [6]ਪੀਟਰ ਟੀ. ਓ'ਬ੍ਰਾਇਨ, *ਕੋਲੋਸੀਅੰਜ਼, ਫਿਲੇਮੋਨ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 44 (ਵਾਕੋ, ਟੈਕਸਸ: ਵਰਡ ਬੁਕਸ, 1982), 208. [7]ਈ. ਕੇ. ਸਿੰਪਸਨ ਐਂਡ ਐਫ਼. ਐਫ਼. ਬਰੂਸ, *ਕਮੈਂਟਰੀ ਆਨ ਦ ਐਪਿਸਟਲਜ਼ ਟੂ ਦ ਇਫ਼ੀਸੀਅੰਜ਼ ਐਂਡ ਦ ਕੋਲੋਸੀਅੰਜ਼,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਅਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1957), 283. [8]ਲੋਹਸੇ, 150. [9]ਪਲਿਨੀ *ਲੈਟਰਜ਼* 10.96, ਐਸ 7; ਸਮਰਾਟ ਟਰਾਜਨ ਲਈ; ਐਵਰੱਟ ਫਰਗਯੁਸਨ, *ਅਰਲੀ ਕ੍ਰਿਸਚਿਅੰਜ਼ ਸਪੀਕ* (ਆਸਟਿਨ: ਸਵੀਟ ਪਬਲੀਸ਼ਿੰਗ ਕੰ., 1971), 81 ਵਿਚ ਦੁਹਰਾਇਆ ਗਿਆ। [10]ਓ'ਬ੍ਰਾਇਨ, 209–10. ਸਿੰਪਸਨ ਐਂਡ ਬਰੂਸ, 284, ਐਨ. 118; ਅਤੇ ਐਚ. ਸੀ. ਜੀ. ਮਾਉਲ, *ਦ ਐਪਿਸਟਲਜ਼ ਟੂ ਦ ਕੋਲੋਸੀਅੰਜ਼ ਐਂਡ ਟੂ ਫਿਲੇਮੋਨ,* ਦ ਕੈਂਬ੍ਰਿਜ ਬਾਈਬਲ ਫ਼ਾਰ ਸਕੂਲਜ਼ ਐਂਡ ਕਾਲੇਜਜ਼ (ਕੈਂਬ੍ਰਿਜ: ਯੂਨੀਵਰਸਿਟੀ ਪ੍ਰੈੱਸ, 1893; ਰੀਪ੍ਰਿੰਟ, 1902), 129–32.

[11]ਜੇ. ਬੀ. ਲਾਈਟਫ਼ੁਟ, *ਸੇਂਟ ਪੌਲ'ਜ਼ ਐਪਿਸਟਲਜ਼ ਟੂ ਦ ਕੋਲੋਸੀਅੰਜ਼ ਐਂਡ ਟੂ ਫਿਲੇਮੋਨ,* ਸੋਧ (ਲੰਦਨ: ਮੈਕਮਿਲਨ ਐਂਡ ਕੰ., 1916), 226. [12]ਵਿਲੀਅਮ ਹੈਂਡ੍ਰਿਕਸਨ, *ਐਕਸਪੋਜ਼ਿਸ਼ਨ ਆਫ਼ ਕੋਲੋਸੀਅੰਜ਼ ਐਂਡ ਫਿਲੇਮੋਨ,* ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1964), 163–64. [13]ਬਾਉਰ (2000), 1096. [14]ਉਹੀ। [15]ਏ. ਟੀ. ਰੌਬਰਟਸਨ, *ਪੌਲ ਐਂਡ ਦ ਇੰਟਲੈਕਚੁਅਲਜ਼: ਦ ਐਪਿਸਟਲ ਟੂ ਦ ਕੋਲੋਸੀਅੰਜ਼,* ਸੋਧ ਅਤੇ ਸੰਪਾ. ਡਬਲਯੂ. ਸੀ. ਸਟ੍ਰਿਕਲੈਂਡ (ਨੈਸ਼ਵਿੱਲ: ਬ੍ਰਾਡਮੈਨ ਪ੍ਰੈੱਸ, 1959), 112, ਐਨ. 3. [16]*ਦ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ ਥਿਓਲੋਜੀ,* ਸੰਪਾ. ਕੌਲਿਨ ਬ੍ਰਾਊਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪ੍ਰੈੱਸ, 1978), 3:670 ਵਿਚ ਕੇ. ਐਚ. ਬਾਰਟਲਜ਼, ''ਸਾਮਜ਼।'' [17]ਉਹੀ, 671. [18]*ਥਿਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ,* ਸੰਪਾ. ਗਰਹਰਡ ਫ਼੍ਰੈਡਰਿਕ, ਅਨੁ. ਅਤੇ ਸੰਪਾ. ਜਿਓਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1971), 8:499, ਐਨ. 73 ਵਿਚ ਗਰਹਰਡ ਡੈਲਿੰਗ, ''***humnos, humenō, phallō, phalmos.***'' [19]ਓ'ਬ੍ਰਾਇਨ, 209. [20]ਮੇਰਵਿਨ ਆਰ. ਵਿਨਸੈਂਟ, *ਵਰਡ ਸਟੱਡੀਜ਼ ਇਨ ਦ ਨਿਊ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1946), 3:269–70.

[21]*ਆਕਸਫ਼ੋਰਡ ਇੰਗਲਿਸ਼ ਡਿਕਸ਼ਨਰੀ,* ਜਿਲਦ 2ਜੀ, ਅੰਕ 1 (1989), ਐਸ. ਵੀ. ''ਏ ਕੈਪੇਲਾ।'' [22]ਵੇਖੋ ਐਮ. ਸੀ. ਕੁਰਫਿਸ, *ਇੰਸਟਰੂਮੈਂਟਲ ਮਿਊਜ਼ਿਕ ਇਨ ਦ ਵਰਸ਼ਿਪ ਔਰ ਦ ਗ੍ਰੀਕ ਵਰਬ ਸਾਲੋ ਫ਼ਿਲੋਲੋਜਿਕਲੀ ਐਂਡ ਹਿਸਟੌਰੀਕਲੀ ਇਗਜ਼ਾਮਿੰਡ* (ਨੈਸ਼ਵਿੱਲ: ਗੌਸਪਲ ਐਡਵੋਕੇਟ ਕੰ., 1950), 146, 177, 190, 194. [23]ਇਹ ਹਵਾਲਾ ਸਾਹਿਤਕ ਯੂਨਾਨੀ ਦਾ ਹੈ, ਜਿਵੇਂ ਕਿ LXX ਵਿਚ ਮਿਲਦਾ ਹੈ। [24]ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 2ਜੀ, ਸੋਧ ਅਤੇ ਸੰਪਾ. ਵਿਲੀਅਮ ਐਫ਼ ਅਰੰਡਟ ਅਤੇ ਵਿਲਬਰ ਗਿੰਗਰਿਕ

ਸੋਧ ਅਤੇ ਵਿਸਤਾਰ ਫ੍ਰੈਡਰਿਕ ਡਬਲਯੂ. ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 1979), ਅਤੇ ਬਾਉਰ (2000), xiii. [25]ਬਾਉਰ (1979), xx; ਅਤੇ ਬਾਉਰ (2000), xxii. [26]ਸੀ. ਜੀ. ਵਿਲਕੇ ਐਂਡ ਵਿਲਿਬਲਡ ਗ੍ਰਿਮ, *ਏ ਗ੍ਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ,* ਅਨੁ. ਅਤੇ ਸੋਧ ਜੋਜ਼ਫ਼ ਐਚ. ਥੇਅਰ (ਐਡਿਨਬਰਗ, ਸਕਾਟਲੈਂਡ, ਟੀ. ਐਂਡ ਟੀ. ਕਲਾਰਕ, 1901; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1977), 637. [27]ਉਹੀ, viii. [28]ਉਹੀ, 675. [29]ਉਹੀ। [30] ਰੌਬਰਟ ਹਿਯੁਗ ਬੈਨਸਨ, *ਬਾਇ ਵ੍ਹਟ ਆਥੌਰਿਟੀ?*; ਜੌਨ ਚੈਪਿਨ, ਸੰਪਾ. *ਦ ਬੁਕ ਆਫ਼ ਕੈਥੋਲਿਕ ਕੁਟੇਸ਼ੰਜ਼* (ਲੰਡਨ: ਜੌਨ ਕਾਲਡਰ, 1956), 666 ਵਿਚ ਦੁਹਰਾਇਆ ਗਿਆ।

[31]ਐਡਵਰਡ ਐਚ. ਬਿਕਰਸਟੇਥ, ''ਪੀਸ, ਪਰਫ਼ੈਕਟ ਪੀਸ,'' *ਸੌਂਗਜ਼ ਆਫ਼ ਦ ਚਰਚ,* ਸੰਕ. ਅਤੇ ਸੰਪਾ. ਵਾਲਟਰ ਐਚ. ਹਾਵਰਡ (ਵੈਸਟ ਮੋਨਰੋ, ਲੁਇਸਿਆਨਾ: ਹੌਵਰਡ ਪਬਲੀਸ਼ਿੰਗ ਕੰ., 1977)। [32]ਜ਼ਬੂਰ 25:8; 34:8; 54:6; 69:16; 86:5; 100:5; 106:1; 107:1; 108:21; 118:1; 135:3; 136:1.